ਪ੍ਰਕਾਸ਼ਨ ਨੰ:
317

# ਭਗਤ ਕਬੀਰ ਜੀ

## ਜੀਵਨ ਤੇ ਵਿਚਾਰਧਾਰਾ


ਲੇਖਕ
ਸ: ਕਿਰਪਾਲ ਸਿੰਘ 'ਚੰਦਨ'



ਪ੍ਰਕਾਸ਼ਕ
6 ਰੁਪਏ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

# ਭਗਤ ਕਬੀਰ ਜੀ : ਜੀਵਨ ਤੇ ਵਿਚਾਰਧਾਰਾ

ਲੇਖਕ : ਸ: ਕਿਰਪਾਲ ਸਿੰਘ 'ਚੰਦਨ'

ਸੰਸਕਰਣ : ਪਹਿਲਾ, ਜਨਵਰੀ, 2004

ਪੁਸਤਕ ਦਾਤੀ - ਗਿ. ਸਰੂਪ ਸਿੰਘ ਕੜਿਆਣਾ
V.P.O.- ਕੜਿਆਣਾ ਤਹਿ: ਫਿਲੌਰ (ਜਲੰਧਰ)
M- 98150-03075.

*ਮਿਲਣ ਦੇ ਪਤੇ :*

**ਸਿੱਖ ਮਿਸ਼ਨਰੀ ਕਾਲਜ (ਰਜਿ:)**

1051/14, ਫੀਲਡ ਗੰਜ, ਲੁਧਿਆਣਾ-141 008 ਫੋਨ : 0161-2663452

*ਦਿੱਲੀ ਸਬ ਆਫ਼ਿਸ :*

ਏ-143, ਫਤਹਿ ਨਗਰ, ਨਵੀਂ ਦਿੱਲੀ-110018 ਫੋਨ : 011-25413986

*ਜਲੰਧਰ ਆਫ਼ਿਸ :*

ਕੰਵਰ ਸਤਿਨਾਮ ਸਿੰਘ ਚੈਰੀਟੇਬਲ ਕੰਪਲੈਕਸ, ਮਾਡਲ ਹਾਊਸ ਰੋਡ, ਬਸਤੀ ਸ਼ੇਖ, ਜਲੰਧਰ-144 002 ਫੋਨ : 0181-2430547

*ਜੰਮੂ ਸਬ ਆਫਿਸ :*

36, ਗੁਰਦੁਆਰਾ ਸਿੰਘ ਸਭਾ ਕੰਪਲੈਕਸ, ਸੈਕਟਰ-2, ਗੁਰੂ ਨਾਨਕ ਨਗਰ, ਜੰਮੂ।
ਫੋਨ : 0191-2439489

ਵੈਬਸਾਈਟ : **www.sikhmissionarycollege.net**
ਈ-ਮੇਲ : **smcludh@satyam.net.in**

*ਟਾਈਪਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ : 2203346*
*ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।*

2 / ਕੁੱਲ ਪੰਨੇ - 40

# ਭਗਤ ਕਬੀਰ ਜੀ

ਮੱਧ ਕਾਲੀ ਭਾਰਤ ਦੇ ਧਾਰਮਿਕ ਖੇਤਰ ਵਿਚ ਕਰਮ-ਕਾਂਡਾਂ, ਪਖੰਡਾਂ, ਅੰਧ-ਵਿਸ਼ਵਾਸਾਂ, ਤੇ ਤਰ੍ਹਾਂ-ਤਰ੍ਹਾਂ ਦੇ ਧਾਰਮਿਕ ਭੇਖਾਂ ਦਾ ਬੋਲਬਾਲਾ ਸੀ। ਸਾਰੇ ਭਾਰਤ ਵਿਚ ਤੀਰਥ-ਯਾਤਰਾਵਾਂ, ਤੀਰਥ-ਇਸ਼ਨਾਨਾਂ, ਵਰਤਾਂ-ਰੋਜ਼ਿਆਂ, ਜਾਦੂ-ਟੂਣਿਆਂ, ਯੱਗਾਂ, ਬਲੀਆਂ, ਪੁਜਾਰੀਆਂ ਨੂੰ ਦਾਨ, ਸਰੀਰ ਨੂੰ ਕਸ਼ਟ ਦੇਣ ਵਾਲੇ ਤਪਾਂ, ਮੰਤਰਾਂ ਦੇ ਤੋਤਾ-ਰਟਨੀ ਜਾਪ, ਦੇਵੀ-ਦੇਵਤਿਆਂ-ਫਰਿਸ਼ਤਿਆਂ ਦੀ ਪੂਜਾ-ਮਾਨਤਾ, ਕਈ ਤਰ੍ਹਾਂ ਦੇ ਧਾਰਮਿਕ ਚਿੰਨ੍ਹ ਧਾਰਨ ਕਰਨ ਨੂੰ ਹੀ ਧਰਮ ਦੇ ਮੁੱਖ ਅੰਗ ਸਮਝਿਆ ਜਾਂਦਾ ਸੀ ਅਤੇ ਇਹ ਮੁਕਤੀ-ਪ੍ਰਾਪਤੀ ਦੇ ਸਾਧਨ ਕਰਕੇ ਪ੍ਰਚਾਰੇ ਜਾ ਰਹੇ ਸਨ। ਪੁਜਾਰੀ ਲੋਕ ਆਮ ਜਨਤਾ ਨੂੰ ਸਵੱਰਗਾਂ-ਬਹਿਸ਼ਤਾਂ ਦੇ ਲਾਲਚ, ਨਰਕਾਂ-ਦੋਜ਼ਖਾਂ ਦੇ ਡਰ ਦਿੰਦੇ ਸਨ ਅਤੇ ਸਵੱਰਗਾਂ ਵਿਚ ਕਈ ਤਰ੍ਹਾਂ ਦੇ ਸੁਖ-ਸਾਧਨਾਂ ਅਤੇ ਐਸ਼-ਪ੍ਰਸਤੀ ਦਾ ਵਿਸ਼ਵਾਸ ਦੁਆਇਆ ਜਾਂਦਾ ਸੀ। ਵਰਣ-ਵਿਵਸਥਾ ਨੇ ਸਮਾਜ ਨੂੰ ਕੇਵਲ ਚਾਰ ਮੁਖ ਭਾਗਾਂ (ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ) ਵਿਚ ਹੀ ਨਹੀਂ ਸੀ ਵੰਡਿਆ ਸਗੋਂ ਹਜ਼ਾਰਾਂ ਜਾਤਾਂ-ਉਪਜਾਤਾਂ ਵਿਚ ਫਸਾ ਦਿੱਤਾ ਸੀ। ਸ਼ੂਦਰਾਂ-ਦਲਿਤਾਂ ਦੀ ਹਾਲਤ ਬਹੁਤ ਤਰਸਯੋਗ ਸੀ। ਉਹ ਬਾਕੀ ਤਿੰਨ ਵਰਣਾਂ ਦੀ ਨਿਸ਼ਕਾਮ-ਸੇਵਾ ਕਰਦੇ ਹੋਏ ਵੀ ਉਨ੍ਹਾਂ ਤੋਂ ਦੂਰੇ-ਦੂਰੇ ਕਰਾਉਂਦੇ ਸਨ, ਉਨ੍ਹਾਂ ਦਾ ਪਰਛਾਵਾਂ ਪੈਣ ਨਾਲ ਵੀ ਮਨੁੱਖ ਅਪਵਿੱਤਰ ਹੋ ਜਾਂਦਾ ਸੀ। ਉਹ ਨਾ ਤਾਂ ਧਰਮ-ਅਸਥਾਨਾਂ ਵਿਚ ਜਾ ਸਕਦੇ ਸਨ ਤੇ ਨਾ ਹੀ ਪਾਠ-ਪੂਜਾ ਕਰ ਸਕਦੇ ਸਨ, ਉਨ੍ਹਾਂ ਲਈ ਵਿੱਦਿਆ ਪ੍ਰਾਪਤੀ ਮਨ੍ਹਾਂ ਸੀ। ਜੇਕਰ ਕੋਈ ਸ਼ੂਦਰ (ਦਲਿਤ) ਵੇਦ-ਮੰਤਰ ਸੁਣਨ ਦੀ ਗਲਤੀ ਕਰ ਲਵੇ, ਤਾਂ ਉਸ ਦੇ ਕੰਨਾਂ ਵਿਚ ਸਿੱਕਾ (lead) ਪਿਘਲਾ ਕੇ ਪਾਉਣ ਦੀ ਸਜ਼ਾ ਨਿਸ਼ਚਿਤ ਸੀ। ਰਹਿੰਦੀ ਕਸਰ ਵਿਦੇਸ਼ੀਆਂ ਦੀ ਗੁਲਾਮੀ ਨੇ ਪੂਰੀ ਕਰ ਦਿੱਤੀ ਸੀ। ਸਾਧਾਰਨ ਮਨੁੱਖ ਦੇਵੀ-ਦੇਵਤਿਆਂ ਦੇ ਡਰ (ਗੁਲਾਮੀ), ਪੁਜਾਰੀਆਂ ਦੇ ਡਰ ਅਤੇ ਵਿਦੇਸ਼ੀਆਂ ਦੀ ਗੁਲਾਮੀ ਦੇ ਡਰ ਕਾਰਨ ਸਹਿਮਿਆ ਰਹਿੰਦਾ ਸੀ।

ਅਜਿਹੇ ਸਮੇਂ ਕੁਝ ਕੁ ਮਹਾਨ ਮਨੁੱਖਾਂ ਨੇ ਦਲੇਰੀ ਵਿਖਾਈ ਅਤੇ ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸਾਂ ਨੂੰ ਨਕਾਰਿਆ, ਪੁਜਾਰੀ ਵਰਗ ਨੂੰ ਲਲਕਾਰਿਆ, ਜਾਤ-ਪਾਤ ਦੇ ਵਿਤਕਰੇ ਵਿਰੁੱਧ ਰੋਸ ਜ਼ਾਹਰ ਕੀਤਾ; ਪ੍ਰੇਮ ਤੇ ਨਾਮ ਸਿਮਰਨ (ਪ੍ਰਭੂ ਦੀ ਸਿਫਤ-ਸਾਲਾਹ) ਨੂੰ ਹੀ ਪ੍ਰਭੂ-ਪ੍ਰਾਪਤੀ ਦਾ ਮਾਰਗ ਦੱਸਿਆ ਅਤੇ ਲੋਕਾਂ ਨੂੰ ਵਿਕਾਰ-ਰਹਿਤ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ। ਇਹ ਮਹਾਨ ਮਨੁੱਖ ਭਗਤ ਕਰਕੇ ਪ੍ਰਸਿੱਧ ਹੋਏ। ਇਨ੍ਹਾਂ ਦੇ ਸਮੁੱਚੇ ਯਤਨਾਂ ਨੂੰ ਭਗਤੀ-ਲਹਿਰ ਦਾ ਨਾਮ ਦਿੱਤਾ ਜਾਂਦਾ ਹੈ। "ਭਗਤ ਕਬੀਰ ਜੀ ਮੱਧ-ਕਾਲ ਦੀ ਭਗਤੀ ਲਹਿਰ ਦੇ ਇਕ ਬੜੇ ਪ੍ਰਸਿੱਧ, ਪ੍ਰਤਿਭਾਸ਼ਾਲੀ, ਪ੍ਰਬੁੱਧ ਪ੍ਰਕਾਸ਼ ਵਾਲੇ, ਸਮਾਜ ਸੁਧਾਰਕ, ਭਗਤੀ ਲਹਿਰ ਨੂੰ ਸਿਖਰ ਤੇ ਸਮਰੱਥਾ ਪ੍ਰਦਾਨ ਕਰਨ ਵਾਲੇ ਉਜਾਗਰ ਭਗਤ ਸਨ।"*

ਭਗਤ ਕਬੀਰ ਜੀ ਦਾ ਜਨਮ ਬਨਾਰਸ (ਵਾਰਾਣਸੀ/ਕਾਂਸ਼ੀ) ਵਿਚ ਹੋਇਆ। ਉਨ੍ਹਾਂ ਦੀ ਜਨਮ-ਮਿਤੀ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹਨ। ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਅਨੁਸਾਰ ਉਨ੍ਹਾਂ ਦਾ ਜਨਮ 1398 ਈਸਵੀ (ਜੇਠ ਸੁਦੀ 15, ਸੰਮਤ 1455) ਵਿਚ ਵਿਧਵਾ ਬ੍ਰਾਹਮਣੀ ਦੇ ਉਦਰ ਤੋਂ ਹੋਇਆ। ਭਾਈ ਕਾਨ੍ਹ ਸਿੰਘ ਜੀ ਦੇ

*ਪ੍ਰੋ: ਜੋਗਿੰਦਰ ਸਿੰਘ/ਗੁਰਮਤਿ ਪ੍ਰਕਾਸ਼, ਜੂਨ 1993, ਪੰਨਾ 42-43.

ਅਨੁਸਾਰ ਹੀ 'ਇਨ੍ਹਾਂ (ਕਬੀਰ ਜੀ) ਦੀ ਮਾਤਾ ਨੇ ਬਨਾਰਸ ਕੋਲ 'ਲਹਿਰ ਤਲਾਉ' ਦੇ ਪਾਸ ਨਵੇਂ ਜਨਮੇ ਬਾਲਕ ਨੂੰ ਰੱਖ ਦਿੱਤਾ, ਜਿਸ ਨੂੰ ਅਲੀ (ਨੀਰੂ) ਜੁਲਾਹੇ ਨੇ ਘਰ ਲੈ ਆਂਦਾ, ਪੁੱਤਰ ਸਮਝ ਕੇ ਪਾਲਿਆ।'

ਕੁਝ ਵਿਦਵਾਨਾਂ ਦਾ ਇਹ ਵੀ ਮਤ ਹੈ ਕਿ ਕਬੀਰ ਜੀ ਦਾ ਵਿਧਵਾ (ਜਾਂ ਕੁਆਰੀ) ਬ੍ਰਾਹਮਣੀ ਦੀ ਕੁਖੋਂ ਜਨਮ ਲੈਣ ਦੀ ਕਹਾਣੀ ਵੀ ਬ੍ਰਾਹਮਣਾਂ ਵਲੋਂ ਹੀ ਪ੍ਰਚਾਰੀ ਗਈ ਹੈ, ਇਹ ਦੱਸਣ ਲਈ ਕਿ ਸ਼ੂਦਰਾਂ ਦੇ ਘਰ ਕੋਈ ਭਗਤ (ਜਾਂ ਵਿਦਵਾਨ) ਪੈਦਾ ਨਹੀਂ ਹੋ ਸਕਦਾ; ਬ੍ਰਾਹਮਣ ਦੀ ਔਲਾਦ ਨੂੰ ਹੀ ਇਹ ਮਾਣ ਪ੍ਰਾਪਤ ਹੈ। ਇਸੇ ਲਈ ਪ੍ਰੋ. ਸਾਹਿਬ ਸਿੰਘ ਜੀ ਦਾ ਮੱਤ ਹੈ ਕਿ ਭਗਤ ਕਬੀਰ ਜੀ ਮੁਸਲਮਾਨ ਨਹੀਂ ਸਨ, ਉਹ ਹਿੰਦੂ-ਘਰ ਵਿਚ ਹੀ ਜਨਮੇ ਸਨ।

ਇਹ ਗੱਲ ਵੀ ਪ੍ਰਸਿੱਧ ਹੈ ਕਿ ਕਬੀਰ ਜੀ ਨੇ ਸੁਆਮੀ ਰਾਮਾਨੰਦ ਨੂੰ ਆਪਣਾ ਗੁਰੂ (ਧਾਰਮਿਕ-ਅਧਿਆਪਕ) ਧਾਰਿਆ ਸੀ। ਇਹ ਗੱਲ ਵੀ ਪ੍ਰਚੱਲਤ ਕੀਤੀ ਗਈ ਹੈ ਕਿ ਸੁਆਮੀ ਰਾਮਾਨੰਦ* ਨੀਵੀਂ-ਜਾਤ ਵਾਲਿਆਂ ਨੂੰ 'ਗੁਰ-ਮੰਤਰ' ਨਹੀਂ ਸਨ ਦਿੰਦੇ। ਇਸ ਲਈ ਭਗਤ ਕਬੀਰ ਜੀ ਇਕ ਪ੍ਰਭਾਤ ਨੂੰ ਉਨ੍ਹਾਂ ਦੇ ਰਸਤੇ ਵਿਚ ਲੰਮੇ ਪੈ ਗਏ। ਰਾਮਾਨੰਦ ਗੰਗਾ ਨਦੀ ਵਿਚ ਇਸ਼ਨਾਨ ਕਰਨ ਜਾ ਰਹੇ ਸਨ, ਆਪਣੇ ਧਿਆਨ ਵਿਚ ਮਗਨ ਸਨ। ਹਨੇਰੇ ਵਿਚ ਉਨ੍ਹਾਂ ਦਾ ਪੈਰ ਕਬੀਰ ਜੀ ਨੂੰ ਲੱਗਾ, 'ਰਾਮ ਆਖ ਭਾਈ' ਕਹਿ ਕੇ ਕਬੀਰ ਜੀ ਨੂੰ ਉਠਾਇਆ। ਇੰਝ ਕਬੀਰ ਜੀ ਉਸ ਦੇ ਸ਼ਿਸ਼ ਬਣ ਗਏ। ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਵਿਚ ਇਸ ਗੱਲ ਦਾ ਜ਼ਿਕਰ ਇੰਝ ਕੀਤਾ ਹੈ :

**ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।**
**ਅੰਮ੍ਰਿਤੁ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ।**
**ਅਗੋਂ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ।**
**ਪੈਰੀ ਟੁੰਬਿ ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ।** *(ਵਾਰ ੧੦ : ੧੫)*

ਕਬੀਰ ਜੀ ਦੀ ਸ਼ਾਦੀ ਮਾਈ ਲੋਈ ਨਾਲ ਹੋਈ ਸੀ, ਜਿਸ ਤੋਂ 'ਕਮਾਲ' ਨਾਮ ਦਾ ਪੁੱਤਰ ਤੇ 'ਕਮਾਲੀ' ਨਾਮ ਦੀ ਧੀ ਪੈਦਾ ਹੋਈ।

ਕਬੀਰ ਜੀ ਜਿੱਥੇ ਪ੍ਰਭੂ-ਭਗਤੀ ਵਿਚ ਲੀਨ ਰਹਿੰਦੇ ਸਨ, ਉੱਥੇ ਗ੍ਰਿਹਸਤ ਦੇ ਫ਼ਰਜ਼ਾਂ ਨੂੰ ਵੀ ਪੂਰੀ ਤਰ੍ਹਾਂ ਨਿਭਾਉਂਦੇ ਸਨ। ਜੀਵਨ-ਨਿਰਬਾਹ ਲਈ ਪਿਤਾ-ਪੁਰਖੀ ਕਿੱਤਾ ਕੱਪੜਾ ਬੁਣਨ ਦਾ ਹੀ ਕਰਦੇ ਸਨ। ਜਿੱਥੇ ਆਪ ਪ੍ਰਭੂ-ਪ੍ਰੇਮ ਦੀ ਰੰਗਣ ਵਿਚ ਰੰਗੇ ਰਹਿੰਦੇ, ਉੱਥੇ ਹੋਰਨਾਂ ਲੋਕਾਂ ਵਿਚ ਵੀ ਨਾਮ-ਅੰਮ੍ਰਿਤ ਦੀ ਵਰਖਾ ਕਰਦੇ। ਕਿਰਤ-ਕਾਰ ਕਰਦਿਆਂ ਹੋਇਆਂ ਵੀ ਮਨ ਕਿਰਤ-ਕਾਰ ਵਿਚ ਖੁੱਭਣ ਨਾ ਦਿੰਦੇ। ਉਨ੍ਹਾਂ 'ਮਾਇਆ ਵਿਚ ਉਦਾਸੀ' ਵਾਲਾ

---

*ਸੁਆਮੀ ਰਾਮਾਨੰਦ ਮੂਲ ਰੂਪ ਵਿਚ ਗੌੜ ਬ੍ਰਾਹਮਣ ਸੀ, ਵੇਦਾਂ ਸ਼ਾਸਤਰਾਂ ਦਾ ਅਭਿਆਸੀ ਤੇ ਪ੍ਰਸਿੱਧ ਵਿਦਵਾਨ ਸੀ, ਭਗਤੀ-ਖੇਤਰ ਵਿਚ ਉਸਦੀ ਅਥਾਹ ਮਾਨਤਾ ਸੀ। ਪਹਿਲਾਂ-ਪਹਿਲ ਉਸ ਦਾ ਦ੍ਰਿੜ੍ਹ ਨਿਸਚਾ ਸੀ ਕਿ ਰਾਮ ਨਾਮ ਦੀ ਭਗਤੀ ਦਾ ਅਧਿਕਾਰੀ ਕੇਵਲ ਉੱਚੀ ਜਾਤੀ ਵਾਲਾ ਹੀ ਹੈ, ਨੀਵੀਂ ਜਾਤੀ ਵਾਲਾ ਨਹੀਂ। ਪਰ ਪਿੱਛੋਂ ਰਾਮਾਨੰਦ ਨੇ ਇਸ ਵਿਚਾਰ ਨੂੰ ਅਰਥ-ਹੀਣ ਮੰਨ ਕੇ ਛੱਡ ਦਿੱਤਾ ਅਤੇ ਹਰ ਮਨੁੱਖ ਦੇ ਭਗਤੀ ਕਰਨ ਦੇ ਅਧਿਕਾਰ ਨੂੰ ਸਵੀਕਾਰ ਕਰ ਲਿਆ।

*—ਪ੍ਰੋ: ਜੋਗਿੰਦਰ ਸਿੰਘ, ਨਵੀਂ ਦਿੱਲੀ*

ਜੀਵਨ ਬਿਤਾਇਆ। ਇੰਝ ਉਹ ਅਮੁੱਲ ਆਤਮਕ-ਗੁਣਾਂ ਦੇ ਮਾਲਕ ਬਣ ਗਏ। ਗੁਰੂ ਅਰਜਨ ਦੇਵ ਜੀ ਨੇ ਤਾਂ ਹੀ ਤਾਂ ਉਨ੍ਹਾਂ ਬਾਰੇ ਫ਼ਰਮਾਇਆ ਹੈ :

**ਬੁਨਨਾ ਤਨਨਾ ਤਿਆਗਿ ਕੈ, ਪ੍ਰੀਤਿ ਚਰਨ ਕਬੀਰਾ ॥**
**ਨੀਚ ਕੁਲਾ ਜੋਲਾਹਰਾ, ਭਇਓ ਗੁਨੀਯ ਗਹੀਰਾ ॥** (ਪੰਨਾ ੪੮੭)

(**ਨੋਟ** : 'ਬੁਨਨਾ ਤਨਨਾ ਤਿਆਗ ਕੈ' ਤੋਂ ਭਾਵ ਹੈ—ਕੱਪੜਾ ਬੁਣਨ ਦੀ ਲਗਨ ਛੱਡ ਕੇ, ਉਸ ਪਾਸਿਓਂ ਰੁਚੀ ਘਟਾ ਕੇ ਅਥਵਾ ਗੁਜ਼ਾਰੇ ਜੋਗੀ ਕਿਰਤ ਕਰ ਕੇ।)

ਆਪ ਨੇ ਪਖੰਡਾਂ, ਕਰਮ-ਕਾਂਡਾਂ, ਭੇਖਾਂ, ਬ੍ਰਾਹਮਣ ਦੀ ਵਰਣ-ਵੰਡ ਅਥਵਾ ਜਾਤ-ਪਾਤ ਦੇ ਵਿਤਕਰੇ ਦਾ ਬੜੇ ਜ਼ੋਰਦਾਰ, ਵਿਅੰਗਮਈ ਤੇ ਕਟਾਖ ਭਰੇ ਢੰਗ ਨਾਲ ਵਿਰੋ ਕੀਤਾ। ਬ੍ਰਾਹਮਣ ਦੀ ਸਰਦਾਰੀ ਨੂੰ ਵੰਗਾਰ ਪਾਈ। ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਯਾਤਰਾਵਾਂ ਕੀਤੀਆਂ। ਇੰਝ ਆਪ ਦੀ ਪ੍ਰਸਿੱਧੀ ਦੂਰ ਦੂਰ ਤਕ ਫੈਲ ਗਈ।

ਭਗਤ ਕਬੀਰ ਜੀ ਪਹਿਲੇ ਭਗਤ ਹਨ ਜੋ ਖਾੜਕੂ (ਯੋਧਿਆਂ ਵਾਲੇ) ਸੁਭਾਅ ਦੇ ਮਾਲ ਸਨ।ਆਪ ਨਿਧੜਕ ਹੋ ਕੇ ਗਰੀਬਾਂ ਦੀ ਖਾਤਰ ਹਥਿਆਰਬੰਦ ਸੰਘਰਸ਼ ਦੀ ਲੋੜ ਬਾਰੇ ਪ੍ਰਚਾ ਕਰਦੇ ਸਨ। ਇਕ ਵਿਦਵਾਨ ਨੇ ਬਹੁਤ ਸੁੰਦਰ ਲਿਖਿਆ ਹੈ—'ਭਗਤ ਕਬੀਰ ਜੀ ਸਮਾ (ਜਾਤ) ਤੇ ਰਾਜ ਦੇ ਅਭਿਮਾਨੀ ਵਰਗ ਵਿਰੁੱਧ 'ਗਗਨ ਦਮਾਮਾ' ਵਜਾ ਕੇ ਰੱਖਦੇ ਸਨ ਨਿਰੰਤਰ 'ਸੂਰਮਾ' ਬਣ ਕੇ 'ਦੀਨ ਕੇ ਹੇਤ' ਜੂਝਦੇ ਸਨ। ਪੁਰਜਾ-ਪੁਰਜਾ ਕੱਟ ਮਰਨਾ ਪ 'ਮੈਦਾਨਿ-ਖੇਤ' ਨੂੰ ਕਦੀ ਵੀ ਨਾ ਛੱਡਣਾ, ਇਹ ਉਨ੍ਹਾਂ ਦਾ ਜੀਵਨ ਚਾਅ ਸੀ।'

ਕਬੀਰ ਜੀ ਦਾ ਪ੍ਰਚਾਰ ਬ੍ਰਾਹਮਣਾਂ, ਮੁੱਲਾਂ-ਮੌਲਾਨਿਆਂ ਅਤੇ ਸ਼ਾਸਕ-ਵਰਗ ਸ ਦੀਆਂ ਬੁਰਾਈਆਂ ਨੂੰ ਨਸ਼ਰ ਕਰਦਾ ਸੀ। ਮੁੱਲਾਂ-ਮੌਲਾਨਿਆਂ ਨੇ ਉਨ੍ਹਾਂ ਦੀ ਸ਼ਿਕਾਇ ਵੇਲੇ ਦੇ ਹਾਕਮ ਸਿਕੰਦਰ ਲੋਧੀ ਪਾਸ ਕੀਤੀ। ਬਾਦਸ਼ਾਹ ਨੇ ਕਬੀਰ ਜੀ ਨੂੰ ਗੰਗਾ ਦਰਿ ਵਿਚ ਡਬੋ ਕੇ ਮਾਰਨ ਦਾ ਹੁਕਮ ਕੀਤਾ; ਉਥੋਂ ਬਚ ਗਏ ਤਾਂ ਮਸ਼ਕਾਂ ਬੰਨ੍ਹ ਕੇ ਹਾਥੀ ਅੱ ਸੁੱਟਿਆ ਗਿਆ, ਹਾਥੀ ਨੇ ਵੀ ਕੋਈ ਨੁਕਸਾਨ ਨਾ ਪਹੁੰਚਾਇਆ। ਇਨ੍ਹਾਂ ਘਟਨਾਵਾਂ ਜ਼ਿਕਰ ਆਪ ਨੇ ਆਪਣੀ ਬਾਣੀ ਵਿਚ ਵੀ ਕੀਤਾ ਹੈ।

ਗੰਗਾ ਦਰਿਆ ਵਿਚ ਸੁੱਟਣ ਬਾਰੇ ਆਪ ਜੀ ਲਿਖਦੇ ਹਨ ਕਿ (ਵਿਰੋਧੀ ਲੋਕ) ਮੈ ਜ਼ੰਜੀਰਾਂ ਨਾਲ ਬੰਨ੍ਹ ਕੇ, ਡੂੰਘੀ ਗੰਗਾ ਵਿਚ, ਜਿਸ ਨੂੰ ਕਿ ਇਹ ਮਾਤਾ ਆਖਦੇ ਹ ਡੋਬਣ ਲਈ ਲੈ ਗਏ। ਪਰ ਡੁੱਬਣ ਦੀ ਥਾਂ ਤੇ ਗੰਗਾ ਦੀਆਂ ਲਹਿਰਾਂ ਨਾਲ ਮੇਰੀ ਜ਼ੰਜ ਟੁੱਟ ਗਈ। ਮੈਂ ਉਸ ਪਾਣੀ ਉੱਤੇ ਇਉਂ ਤਰਨ ਲੱਗ ਪਿਆ ਜਿਵੇਂ ਮ੍ਰਿਗ-ਛਾਲਾ 'ਤੇ ਬੈ ਹੋਵਾਂ। ਪ੍ਰਭੂ ਜਲ-ਥਲ, ਭਾਵ ਹਰ ਥਾਂ, ਰੱਖਿਆ ਕਰਨ ਯੋਗ ਹੈ।

ਮੂਲ ਸ਼ਬਦ ਇਸ ਪ੍ਰਕਾਰ ਹੈ :

**ਗੰਗ ਗੁਸਾਇਨਿ ਗਹਿਰ ਗੰਭੀਰ ॥**
**ਜੰਜੀਰ ਬਾਂਧਿ ਕਰਿ ਖਰੇ ਕਬੀਰ ॥ ੧ ॥**
**ਮਨੁ ਨ ਡਿਗੈ, ਤਨੁ ਕਾਹੇ ਕਉ ਡਰਾਇ ॥**
**ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥**
**ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥**
**ਮ੍ਰਿਗਛਾਲਾ ਪਰ ਬੈਠੇ ਕਬੀਰ ॥ ੨ ॥**

**ਕਹਿ ਕੰਬੀਰ ਕੋਊ ਸੰਗ ਨ ਸਾਥ॥**
**ਜਲ ਥਲ ਰਾਖਨ ਹੈ ਰਘੁਨਾਥ॥ ੩॥** (ਪੰਨਾ ੧੧੬੨)

ਹਾਥੀ ਅੱਗੇ ਸੁੱਟਣ ਬਾਰੇ ਕਬੀਰ ਜੀ ਫੁਰਮਾਉਂਦੇ ਹਨ :

**ਭੁਜਾ ਬਾਂਧਿ, ਭਿਲਾ ਕਰਿ ਡਾਰਿਓ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥**
**ਹਸਤਿ ਭਾਗਿ ਕੈ ਚੀਸਾ ਮਾਰੈ॥ ਇਆ ਮੂਰਤਿ ਕੈ ਹਉ ਬਲਿਹਾਰੈ॥ ੧॥**
**ਆਹਿ ਮੇਰੇ ਠਾਕੁਰ ਤੁਮਰਾ ਜੋਰੁ॥ ਕਾਜੀ ਬਕਿਬੋ, ਹਸਤੀ ਤੋਰੁ॥ ੧॥ ਰਹਾਉ॥**
**ਰੇ ਮਹਾਵਤ, ਤੁਝੁ ਡਾਰਉ ਕਾਟਿ॥ ਇਸਹਿ ਤੁਰਾਵਹੁ ਘਾਲਹੁ ਸਾਟਿ॥**
**ਹਸਤਿ ਨ ਤੋਰੈ, ਧਰੈ ਧਿਆਨੁ॥ ਵਾ ਕੈ ਰਿਦੈ ਬਸੈ ਭਗਵਾਨੁ॥ ੨॥**

(ਪੰਨਾ ੮੭੦)

**ਭਾਵ** : ਮੇਰੀਆਂ ਬਾਹਾਂ ਬੰਨ੍ਹ ਕੇ ਢੇਮ ਵਾਂਗ ਹਾਥੀ ਅੱਗੇ ਸੁੱਟ ਦਿੱਤਾ ਹੈ। ਮਹਾਵਤ ਨੇ ਗੁੱਸੇ ਵਿਚ ਆ ਕੇ ਹਾਥੀ ਦੇ ਸਿਰ ਉੱਤੇ ਸੱਟ ਮਾਰੀ ਹੈ। ਪਰ ਹਾਥੀ (ਮੈਨੂੰ ਪੈਰਾਂ ਹੇਠ ਲਿਤਾੜਨ ਦੀ ਥਾਂ) ਚੀਕਾਂ ਮਾਰ ਕੇ ਹੋਰ ਪਾਸੇ ਭੱਜਦਾ ਹੈ, (ਜਿਵੇਂ ਆਖਦਾ ਹੋਵੇ) ਮੈਂ ਇਸ ਬੰਦੇ ਤੋਂ ਕੁਰਬਾਨ ਹਾਂ।

ਹੇ ਮੇਰੇ ਪ੍ਰਭੂ ਜੀ! ਕਾਜ਼ੀ ਤਾਂ ਕਹਿ ਰਿਹਾ ਹੈ ਕਿ (ਇਸ ਕਬੀਰ ਉੱਤੇ) ਹਾਥੀ ਚਾੜ੍ਹ ਦੇ, ਪਰ ਮੈਨੂੰ ਤੇਰਾ ਤਾਣ (ਆਸਰਾ) ਹੈ।

(ਕਾਜ਼ੀ ਮਹਾਵਤ ਨੂੰ ਆਖਦਾ ਹੈ) ਇਸ ਹਾਥੀ ਨੂੰ ਸੱਟ ਮਾਰ, ਤੇ (ਕਬੀਰ ਵੱਲ) ਤੋਰ, ਨਹੀਂ ਤਾਂ ਮੈਂ ਤੇਰਾ ਸਿਰ ਉਤਰਾ ਦਿਆਂਗਾ। ਪਰ ਹਾਥੀ ਤੁਰਦਾ ਨਹੀਂ, ਉਹ ਤਾਂ ਇਉਂ ਵਿਖਾਈ ਦਿੰਦਾ ਹੈ ਜਿਵੇਂ ਪ੍ਰਭੂ ਚਰਨਾਂ ਵਿਚ ਮਸਤ ਹੋਵੇ; ਜਿਵੇਂ ਉਸ ਦੇ ਹਿਰਦੇ ਵਿਚ ਪਰਮਾਤਮਾ ਪਰਗਟ ਹੋ ਕੇ ਵੱਸ ਰਿਹਾ ਹੈ। ੨।

ਭਗਤੀ ਦੀ ਸਿਖਰ ਹੈ ਪ੍ਰਭੂ ਵਿਚ ਲਿਵਲੀਨਤਾ ਅਥਵਾ ਅਭੇਦਤਾ। ਭਗਤ-ਜਨ ਜੀਉਂਦਿਆਂ ਹੋਇਆਂ ਹੀ ਆਪਣੇ ਆਪ ਨੂੰ ਵਿਕਾਰ-ਮੁਕਤ ਕਰਕੇ, ਪ੍ਰਭੂ ਦੇ ਗੁਣ ਗਾ-ਗਾ ਕੇ ਗੁਣੀ (ਪ੍ਰਭੂ) ਵਿਚ ਸਮਾ ਜਾਂਦੇ ਹਨ। ਇਸ ਨੂੰ ਗੁਰਬਾਣੀ ਵਿਚ ਜੀਵਨ-ਮੁਕਤੀ ਦਾ ਨਾਮ ਦਿੱਤਾ ਗਿਆ ਹੈ। ਇਸ ਅਵਸਥਾ ਤੇ ਭਗਤ ਕਬੀਰ ਜੀ ਵੀ ਪੁੱਜ ਗਏ, ਜਿਸ ਦਾ ਜ਼ਿਕਰ ਕਰਦਿਆਂ ਆਪ ਫੁਰਮਾਉਂਦੇ ਹਨ :

**ਅਬ ਤਉ ਜਾਇ ਚਢੇ ਸਿੰਘਾਸਨਿ, ਮਿਲੇ ਹੈ ਸਾਰਿੰਗਪਾਨੀ॥**
**ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ॥** (ਪੰਨਾ ੯੬੯)

[**ਅਰਥ** : (ਆਪਣੇ ਗੁਰੂ ਦੀ ਕਿਰਪਾ ਨਾਲ) ਮੈਂ ਹੁਣ ਉੱਚੇ ਆਤਮਕ ਟਿਕਾਣੇ ਤੇ ਅੱਪੜ ਗਿਆ ਹਾਂ, ਜਿੱਥੇ ਮੈਨੂੰ ਪਰਮਾਤਮਾ ਮਿਲ ਪਿਆ ਹੈ। (ਮੈਂ) ਕਬੀਰ ਅਤੇ ਮੇਰਾ ਰਾਮ ਇਕ-ਰੂਪ ਹੋ ਗਏ ਹਾਂ, ਕੋਈ ਸਾਡੇ ਵਿਚ ਫ਼ਰਕ ਨਹੀਂ ਦਸ ਸਕਦਾ।]

ਕਾਂਸ਼ੀ (ਬਨਾਰਸ) ਬਾਰੇ ਪੁਜਾਰੀਆਂ ਨੇ ਇਕ ਗੱਲ ਪ੍ਰਸਿੱਧ ਕੀਤੀ ਹੋਈ ਸੀ ਕਿ ਇਸ ਦੀ ਨੀਂਹ ਸ਼ਿਵ ਜੀ ਨੇ ਰੱਖੀ ਸੀ, ਇਸ ਲਈ ਇਸ ਨੂੰ 'ਸ਼ਿਵ ਪੁਰੀ' ਵੀ ਕਿਹਾ ਜਾਂਦਾ ਹੈ। ਸ਼ਿਵ ਜੀ ਨੇ ਇੱਥੇ 'ਮੁਕਤੀ' ਦਾ ਸਦਾ-ਵਰਤ ਲਾਇਆ ਸੀ। ਇਸ ਲਈ ਜਿਹੜਾ ਵੀ ਮਨੁੱਖ, ਭਾਵੇਂ ਉਹ ਕਿੰਨਾ ਵੱਡਾ ਪਾਪੀ ਵੀ ਹੋਵੇ, ਬਨਾਰਸ ਵਿਚ ਮਰਦਾ ਹੈ, ਉਸ ਦੀ ਮੁਕਤੀ ਹੁੰਦੀ ਹੈ ਅਥਵਾ

ਉਹ ਸਿੱਧਾ ਹੀ ਸਵਰਗ ਨੂੰ ਜਾਂਦਾ ਹੈ। ਗੋਰਖਪੁਰ ਤੋਂ 15 ਮੀਲਾਂ ਦੀ ਦੂਰੀ 'ਤੇ 'ਮਗਹਰ' ਨਾਮ ਦਾ ਨਗਰ ਹੈ, ਜਿਸ ਬਾਰੇ ਇਹ ਗੱਲ ਫੈਲਾਈ ਗਈ ਸੀ ਕਿ ਜਿਹੜਾ ਪ੍ਰਾਣੀ 'ਮਗਹਰ' ਜਿਸ ਨੂੰ ਹੜੰਬਾ ਵੀ ਕਿਹਾ ਜਾਂਦਾ ਹੈ) ਵਿਚ ਪ੍ਰਾਣ ਤਿਆਗੇਗਾ ਉਹ ਗਧੇ ਦੀ ਜੂਨ ਵਿਚ ਪਵੇਗਾ। ਇਸ ਅੰਧ ਵਿਸ਼ਵਾਸ ਨੂੰ ਗਲਤ ਸਿੱਧ ਕਰਨ ਲਈ ਕਬੀਰ ਸਾਹਿਬ ਦੋ ਵਾਰ ਮਗਹਰ ਵਿਚ ਆ ਕੇ ਵਸੇ ਸਨ। ਆਖਰੀ ਉਮਰ ਉਨ੍ਹਾਂ ਨੇ ਇੱਥੇ ਹੀ ਬਿਤਾਈ ਤੇ ਇੱਥੇ ਹੀ ਪ੍ਰਾਣ ਤਿਆਗੇ। ਇਸ ਸਬੰਧ ਵਿਚ ਆਪ ਜੀ ਫਰਮਾਉਂਦੇ ਹਨ :

**ਸਗਲ ਜਨਮੁ ਸਿਵ ਪੁਰੀ ਗਵਾਇਆ ॥**
**ਮਰਤੀ ਬਾਰ ਮਗਹਰਿ ਉਠਿ ਆਇਆ ॥ ੨ ॥**
**ਬਹੁਤੁ ਬਰਸ ਤਪੁ ਕੀਆ ਕਾਸੀ ॥**
**ਮਰਨੁ ਭਇਆ ਮਗਹਰ ਕੀ ਬਾਸੀ ॥ ੩ ॥**
**ਕਾਸੀ ਮਗਹਰ ਸਮ ਬੀਚਾਰੀ ॥**
**ਓਛੀ ਭਗਤਿ ਕੈਸੇ ਉਤਰਸਿ ਪਾਰੀ ॥ ੪ ॥**
**ਕਹੁ ਗੁਰ ਗਜ ਸਿਵ, ਸਭੁ ਕੋ ਜਾਨੈ ॥**
**ਮੁਆ ਕਬੀਰੁ ਰਮਤ ਸ੍ਰੀ ਰਾਮੈ ॥ ੫ ॥** *(ਪੰਨਾ ੩੨੬)*

[**ਅਰਥ** : (ਲੋਕ ਕਹਿੰਦੇ ਹਨ ਕਿ ਕਬੀਰ ਨੇ) ਸਾਰੀ ਉਮਰ ਕਾਂਸ਼ੀ ਵਿਚ ਗੁਜ਼ਾਰੀ ਹੈ, ਅੰਤ ਜਦ ਮੁਕਤੀ ਦਾ ਸਮਾਂ ਆਇਆ ਤਾਂ ਇਹ ਮਗਹਰ ਵਿਚ ਆ ਕੇ ਰਹਿਣ ਲੱਗ ਪਿਆ ਹੈ। ਇਸ ਨੇ ਕਈ ਸਾਲ ਤੱਕ ਕਾਂਸ਼ੀ (ਬਨਾਰਸ) ਵਿਚ ਭਗਤੀ ਕੀਤੀ ਹੈ, ਪਰ ਅੰਤ ਸਮੇਂ ਮਗਹਰ ਜਾ ਵਸਿਆ ਹੈ। (ਇਸ ਨੂੰ ਭਗਤੀ ਦਾ ਕੀ ਲਾਭ ਹੋਇਆ ?)

(ਲੋਕ ਕਹਿੰਦੇ ਹਨ ਕਿ ਕਬੀਰ ਕਿੰਨਾ ਅਨਜਾਣ ਹੈ ਕਿ) ਕਾਂਸ਼ੀ ਤੇ ਮਗਹਰ ਵਿਚ ਕੋਈ ਅੰਤਰ ਨਹੀਂ ਸਮਝ ਰਿਹਾ। (ਇਨ੍ਹਾਂ ਦੇ ਅਨੁਸਾਰ) ਮੇਰੀ ਭਗਤੀ ਅਧੂਰੀ ਹੈ ਅਤੇ ਇਹ ਕਹਿੰਦੇ ਹਨ ਕਿ ਇਹ ਸੰਸਾਰ-ਸਾਗਰ ਤੋਂ ਕਿਵੇਂ ਪਾਰ ਹੋ ਸਕੇਗਾ ?

ਅੰਤ ਵਿਚ ਕਬੀਰ ਜੀ ਬ੍ਰਾਹਮਣਾਂ ਨੂੰ ਸੰਬੋਧਨ ਹੋ ਕੇ ਆਖਦੇ ਹਨ ਕਿ ਤੁਹਾਡਾ ਗੁਰੂ ਵੇਦ ਵਿਆਸ, ਗਣੇਸ਼ ਤੇ ਸ਼ਿਵ ਜੀ ਮੁਕਤੀ ਦੇਣ ਤੇ ਖੋਹਣ ਵਾਲੇ ਮੰਨੇ ਜਾਂਦੇ ਹਨ। (ਤੁਸੀਂ ਇਨ੍ਹਾਂ ਨੂੰ ਪੁੱਛ ਲਵੋ, ਉਹ ਵੀ ਜਾਣਦੇ ਹਨ ਕਿ) ਕਬੀਰ ਨੇ ਰਾਮ ਸਿਮਰ ਸਿਮਰ ਕੇ ਮੁਕਤੀ ਪ੍ਰਾਪਤ ਕੀਤੀ ਹੈ।]

**ਦੇਹਾਂਤ** : ਕਬੀਰ ਜੀ ਦੇ ਮਗਹਰ ਵਿਚ ਦੇਹਾਂਤ ਬਾਰੇ ਤਾਂ ਸਾਰੇ ਵਿਦਵਾਨ ਸਹਿਮਤ ਹਨ, ਪਰ ਦੇਹਾਂਤ ਦੇ ਸਮੇਂ (ਸੰਮਤ/ਸੰਨ) ਬਾਰੇ ਬਹੁਤ ਮਤਭੇਦ ਪਾਏ ਜਾਂਦੇ ਹਨ। ਉਨ੍ਹਾਂ ਦਾ ਦੇਹਾਂਤ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਨ 1518, ਡਾ. ਤਾਰਨ ਸਿੰਘ ਅਨੁਸਾਰ 1494 ਈ: ਤੇ ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਸੰਨ 1485 ਵਿਚ ਹੋਇਆ। (ਵੇਖੋ : ਪ੍ਰਿੰ. ਹਰਿਭਜਨ ਸਿੰਘ ਦੁਆਰਾ ਲਿਖਿਤ ਪੁਸਤਕ 'ਗੁਰਬਾਣੀ ਸੰਪਾਦਨ ਨਿਰਣੈ', ਪੰਨਾ 20-21)

ਪ੍ਰੋ. ਸਾਹਿਬ ਸਿੰਘ, ਭਗਤ ਬਾਣੀ ਸਟੀਕ ਭਾਗ-4, ਦੇ ਪੰਨਾ 10 ਤੇ ਲਿਖਦੇ ਹਨ :

**"ਸੋ ਇਹੀ ਠੀਕ ਜਾਪਦਾ ਹੈ ਕਿ ਭਗਤ ਕਬੀਰ ਜੀ ਦਾ ਦੇਹਾਂਤ ਸੰਨ 1518 ਤੋਂ ਦੂਰ ਪਹਿਲਾਂ ਹੋ ਚੁੱਕਾ ਸੀ।"**

ਭਗਤ ਜੀ ਦਾ ਦੇਹਾਂਤ ਭਾਵੇਂ ਕਿਸੇ ਵੀ ਸੰਨ ਵਿਚ ਹੋਇਆ ਹੋਵੇ, ਪਰ ਇਕ ਗੱਲ ਪੱਕੀ ਹੈ ਕਿ ਉਨ੍ਹਾਂ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਨਹੀਂ ਸੀ ਹੋਇਆ। ਜੇ ਹੋਇਆ ਹੁੰਦਾ ਤਾਂ ਕਬੀਰ ਜੀ ਆਪਣੀ ਬਾਣੀ ਵਿਚ ਪੂਰੇ ਭਾਰਤ ਵਿਚ ਪ੍ਰਸਿੱਧ ਗੁਰੂ ਨਾਨਕ ਜੀ ਦਾ ਜ਼ਿਕਰ ਜ਼ਰੂਰ ਕਰਦੇ, ਜਿਵੇਂ ਕਿ ਉਨ੍ਹਾਂ ਭਗਤ ਨਾਮਦੇਵ ਜੀ ਤੇ ਭਗਤ ਤ੍ਰਿਲੋਚਨ ਜੀ ਦਾ ਕੀਤਾ ਹੈ। ਭਾਈ ਗੁਰਦਾਸ ਜੀ ਨੇ ਵੀ ਭਗਤ ਕਬੀਰ ਜੀ ਤੇ ਗੁਰੂ ਨਾਨਕ ਦੇਵ ਜੀ ਦੇ ਮੇਲ ਦਾ ਜ਼ਿਕਰ ਨਹੀਂ ਕੀਤਾ।

## ਭਗਤ ਕਬੀਰ ਜੀ ਦੀ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਨ੍ਹਾਂ 15 ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੈ, ਉਨ੍ਹਾਂ ਵਿਚ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਵਧੇਰੇ ਹੈ। ਕਬੀਰ ਜੀ ਨੇ 17 ਰਾਗਾਂ ਵਿਚ 224 ਸ਼ਬਦ ਉਚਾਰੇ ਹਨ। ਇਸ ਤੋਂ ਸਿਵਾ 'ਬਾਵਨ ਅਖਰੀ', 'ਥਿਤੀਂ', 'ਵਾਰ ੭' ਅਤੇ 'ਸਲੋਕ ਭਗਤ ਕਬੀਰ ਜੀਉ ਕੇ' ਸਿਰਲੇਖ ਹੇਠ 243 ਸਲੋਕ ਹਨ, ਜਿਨ੍ਹਾਂ ਵਿਚ ਕੁਝ ਸਲੋਕ ਗੁਰੂ ਅਰਜਨ ਦੇਵ ਜੀ ਤੇ ਗੁਰੂ ਅਮਰਦਾਸ ਜੀ ਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਕਬੀਰ ਜੀ ਦੀ ਬਾਣੀ ਦੇ ਕਈ ਗ੍ਰੰਥ ਮਿਲਦੇ ਹਨ, ਜਿਨ੍ਹਾਂ ਵਿਚੋਂ 'ਕਬੀਰ ਬੀਜਕ' ਗ੍ਰੰਥ ਵਿਸ਼ੇਸ਼ ਤੌਰ ਤੇ ਪ੍ਰਸਿੱਧ ਹੈ। ਇਨ੍ਹਾਂ ਗ੍ਰੰਥਾਂ ਵਿਚ ਕਿੰਨੀ ਕੁ ਬਾਣੀ ਕਬੀਰ ਜੀ ਦੀ ਹੈ, ਇਸ ਬਾਰੇ ਪੱਕੇ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਦੀ ਪ੍ਰਮਾਣਿਕ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਹੀ ਹੈ।

ਕਬੀਰ ਸਾਹਿਬ ਦੀ ਬਾਣੀ ਤੋਂ ਇਹ ਗੱਲ ਪ੍ਰਤੱਖ ਹੁੰਦੀ ਹੈ ਕਿ ਆਪ ਇਕ ਮਹਾਨ ਬਾਣੀਕਾਰ ਸਨ ਤੇ ਕਾਵਿ-ਕਲਾ ਵਿਚ ਪ੍ਰਬੀਨ ਸਨ।

ਕਬੀਰ ਸਾਹਿਬ ਦੀ ਕਾਵਿ-ਸ਼ੈਲੀ ਹਰ ਪੱਖੋਂ ਸਾਹਿਤਕ ਹੈ। ਉਨ੍ਹਾਂ ਦੀ ਬਾਣੀ ਰੂਪਕਾਂ, ਬਿੰਬਾਂ ਤੇ ਪ੍ਰਤੀਕਾਂ ਨਾਲ ਸ਼ਿੰਗਾਰੀ, ਨਾਟਕੀ, ਤਿੱਖੀ, ਵਿਅੰਗਾਤਮਕ, ਆਲੋਚਨਾਤਮਕ, ਕਟਾਖਮਈ ਹੁੰਦੀ ਹੋਈ ਸੰਜੋਗਾਤਮਕ ਤੇ ਸਪੱਸ਼ਟ ਹੈ, ਜਿਸ ਤੋਂ ਉਨ੍ਹਾਂ ਦੀ ਬਾਣੀ ਦਾ ਸਾਹਿਤਿਕ ਮਿਆਰ ਸਹਿਜੇ ਹੀ ਉੱਚਾ ਦਿੱਸਣ ਲੱਗ ਪੈਂਦਾ ਹੈ।

ਆਪ ਦੀ ਬਾਣੀ ਦਾ ਵਿਸ਼ਾ ਤਾਂ ਬਹੁਤ ਉੱਚਾ-ਸੁੱਚਾ ਹੈ। ਆਪ ਦਾ ਮਨੋਰਥ ਮਨੁੱਖ ਨੂੰ ਕੁਚਲ, ਕਠੋਰ, ਕਪਟ, ਭਰਮ ਤੇ ਅਭਿਮਾਨ ਦੀਆਂ ਦੁਸ਼ਟ ਬਿਰਤੀਆਂ ਤੋਂ ਆਜ਼ਾਦ ਕਰਾ ਕੇ ਇਕ ਭਗਤ, ਸੰਤ ਭਗਤ, ਸਮਾਜ-ਸੁਧਾਰਕ ਤੇ ਸੂਰਮਾ ਸਿਰਜਣਾ ਸੀ, ਜੋ ਪਰਮਾਤਮਾ ਨਾਲ ਇਕ-ਸੁਰ ਤੇ ਇਕ-ਰੂਪ, ਮਾਨਵ-ਏਕਤਾ ਤੇ ਮਾਨਵ-ਬਰਾਬਰੀ ਤੇ ਮਾਨਵ-ਜਾਤਿ ਦਾ ਹਿਤੈਸ਼ੀ ਹੋਵੇ; ਭਰਮ, ਪਾਖੰਡ, ਪਾਪ ਤੇ ਕਪਟ-ਬਿਰਤੀ ਦਾ ਆਲੋਚਕ ਹੋਵੇ। ਉਹ "ਸੰਤਾ ਮਾਨਉ, ਦੂਤਾ ਡਾਨਉ' (ਪੰਨਾ ੯੬੯) ਵਾਲੀ ਬਿਰਤੀ ਦਾ ਧਾਰਨੀ ਹੋਵੇ।

ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਜਾਤ-ਪਾਤ ਦਾ ਤਿੱਖਾ ਤੇ ਜ਼ੋਰਦਾਰ ਵਿਰੋਧ ਕੀਤਾ, ਬ੍ਰਾਹਮਣ ਦੀ ਸਰਦਾਰੀ ਨੂੰ ਵੰਗਾਰਿਆ, ਨਿਰਗੁਣ ਬ੍ਰਹਮ ਦੀ ਪੂਜਾ ਲਈ ਪ੍ਰੇਰਿਆ, ਗਰੀਬਾਂ ਤੇ ਦਲਿਤਾਂ ਦੇ ਹਿੱਤਾਂ ਲਈ ਆਵਾਜ਼ ਬੁਲੰਦ ਕੀਤੀ, ਪ੍ਰਭੂ-ਭਗਤੀ ਦੇ ਗੀਤ ਗਾਏ; ਪਖੰਡਾਂ, ਕਰਮ-ਕਾਂਡਾਂ, ਅੰਧ-ਵਿਸ਼ਵਾਸਾਂ, ਧਾਰਮਿਕ ਵਿਖਾਵੇ ਆਦਿਕ ਦੀਆਂ ਧਜੀਆਂ ਉਡਾਈਆਂ, ਦੈਵੀ ਤੇ ਨੈਤਿਕ ਗੁਣਾਂ ਦਾ ਪ੍ਰਚਾਰ ਕੀਤਾ।

●●●●●

# ਭਗਤ ਕਬੀਰ ਜੀ ਦੀ ਵਿਚਾਰਧਾਰਾ

ਭਗਤ ਕਬੀਰ ਜੀ ਨੇ 'ਸੱਚ' ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਨਿਰੰਤਰ ਸਾਧਨਾ ਨਾਲ, ਪ੍ਰਭੂ ਨਾਲ ਸਾਂਝ ਪਾ ਕੇ, ਪ੍ਰਭੂ ਨਾਲ ਇਕ-ਸੁਰਤਾ ਕਾਇਮ ਕਰਕੇ 'ਰਾਮ ਕਬੀਰਾ ਏਕ ਭਏ ਹੈ' (ਪੰਨਾ ੯੬੯) ਵਾਲੀ ਅਵਸਥਾ ਪ੍ਰਾਪਤ ਕੀਤੀ। ਇਸ ਅਵਸਥਾ ਨੇ ਹੀ ਉਨ੍ਹਾਂ ਨੂੰ 'ਜੀਵਨ ਦੇ ਸੱਚ' ਦੀ ਦਾਤ ਬਖਸ਼ੀ। 'ਸੱਚ' ਜੋ ਕਦੇ ਵੀ ਪੁਰਾਣਾ ਨਹੀਂ ਹੁੰਦਾ, ਜਿਸ ਉੱਤੇ ਸਮੇਂ ਅਤੇ ਸਥਾਨ ਦਾ ਕੋਈ ਅਸਰ ਨਹੀਂ ਹੁੰਦਾ। ਏਸੇ ਲਈ ਸਤਿਗੁਰੂ ਨਾਨਕ ਪਾਤਸ਼ਾਹ ਸਮਝਾਉਂਦੇ ਹਨ :

**'ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੇ ਨ ਪਾਟੈ ॥''** *(ਪੰਨਾ ੯੫੬)*

'ਸਚੁ' ਭੂਤ, ਭਵਿੱਖ ਅਤੇ ਵਰਤਮਾਨ ਵਿਚ ਇਕ-ਸਮਾਨ ਰਹਿੰਦਾ ਹੈ। ਇਸੇ ਲਈ ਹੀ ਅਸੀਂ ਵੇਖਦੇ ਹਾਂ ਕਿ ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਹੋ ਚੁੱਕੇ, ਪ੍ਰਭੂ ਨਾਲ ਜੁੜੇ ਹੋਏ ਮਹਾਂਪੁਰਖਾਂ ਦੀ ਵਿਚਾਰਧਾਰਾ ਗੁਰੂ ਸਾਹਿਬਾਨ ਨਾਲ ਮਿਲਦੀ ਸੀ। ਪ੍ਰਭੂ ਨਾਲ ਜੁੜੇ ਹੋਏ ਹੋਣ ਅਤੇ ਸਮਾਨ ਵਿਚਾਰਧਾਰਾ ਕਰਕੇ ਹੀ ਭਗਤ ਕਬੀਰ ਜੀ ਤੇ ਹੋਰ ਮਹਾਂਪੁਰਖਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਮਿਲਿਆ ਸੀ। ਭਗਤ ਕਬੀਰ ਜੀ ਦੀ ਬਾਣੀ ਵਿਚੋਂ ਹੇਠ ਲਿਖੇ ਧਰਮ-ਸਿਧਾਂਤ ਪ੍ਰਗਟ ਹੁੰਦੇ ਹਨ :

## *1. ਇਕ ਨਿਰਾਕਾਰ ਪ੍ਰਭੂ ਵਿਚ ਵਿਸ਼ਵਾਸ :*

ਪ੍ਰਭੂ ਨਿਰੰਜਨ ਹੈ, ਮਾਇਆ ਦੇ ਪ੍ਰਭਾਵ ਤੋਂ ਮੁਕਤ ਹੈ, ਉਹ ਜੂਨਾਂ ਵਿਚ ਨਹੀਂ ਆਉਂਦਾ, ਜਨਮ-ਮਰਨ ਦਾ ਦੁਖ ਨਹੀਂ ਭੋਗਦਾ, ਉਸ ਦਾ ਕੋਈ ਮਾਤਾ-ਪਿਤਾ ਨਹੀਂ, ਉਹ ਸਾਰੇ ਜੱਗ ਦਾ ਪਾਲਣਹਾਰ ਹੈ :

**ਸੰਕਟਿ ਨਹੀ ਪਰੈ, ਜੋਨਿ ਨਹੀ ਆਵੈ, ਨਾਮੁ ਨਿਰੰਜਨ ਜਾ ਕੋ ਰੇ ॥**
**ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥**

*(ਗਉੜੀ, ਪੰਨਾ ੩੩੯)*

ਜੋਤਿ-ਰੂਪ ਪ੍ਰਭੂ ਸਭ ਧਰਮਾਂ ਤੇ ਜਾਤਾਂ ਦੇ ਪੁਰਖਾਂ-ਇਸਤਰੀਆਂ ਦੇ ਹਿਰਦਿਆਂ ਵਿਚ ਗੁਪਤ ਰੂਪ ਵਿਚ ਵਸਦਾ ਹੈ :

**ਅਲਹੁ ਗੈਬੁ, ਸਗਲ ਘਟ ਭੀਤਰਿ, ਹਿਰਦੈ ਲੇਹੁ ਬਿਚਾਰੀ ॥**
**ਹਿੰਦੂ ਤੁਰਕ ਦੁਹੂੰ ਮਹਿ ਏਕੈ, ਕਹੈ ਕਬੀਰ ਪੁਕਾਰੀ ॥** *(ਆਸਾ, ਪੰਨਾ ੪੮੩)*

ਲੋਕ ਤਾਂ ਅਨੇਕਾਂ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ, ਪਰ ਕਬੀਰ ਜੀ ਆਖਦੇ ਹਨ ਮੈਨੂੰ ਤਾਂ ਸਰਬ-ਵਿਆਪਕ ਪ੍ਰਭੂ ਦੀ ਹੀ ਲੋੜ ਹੈ। ਮੇਰਾ ਦੇਵੀ-ਦੇਵਤਿਆਂ ਨਾਲ ਕੀ ਵਾਸਤਾ ? ਮੈਨੂੰ ਉਨ੍ਹਾਂ ਦੀ ਕੋਈ ਲੋੜ ਨਹੀਂ।

**ਜਉ ਜਾਚਉ ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥**

*(ਭੈਰਉ, ਪੰਨਾ ੧੧੬੨)*

### 2. ਸ੍ਰਿਸ਼ਟੀ ਰਚਨਾ :

ਅਕਾਲ ਪੁਰਖ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇਂ ਆਪਣੀ ਰਚਨਾ ਵਿਚ ਉਹ ਆਪ ਵਿਆਪਕ ਹੈ। ਰਚਨਾ ਤੋਂ ਰਚਣਹਾਰ ਦੀ ਕਲਾ-ਕੁਸ਼ਲਤਾ ਡੁੱਲ੍ਹ-ਡੁੱਲ੍ਹ ਪੈਂਦੀ ਹੈ :

**ਓਇ ਜੁ ਦੀਸਹਿ ਅੰਬਰਿ ਤਾਰੇ॥**
**ਕਿਨਿ ਓਇ ਚੀਤੇ ਚੀਤਨਹਾਰੇ॥ ੧॥**
**ਕਹੁ ਰੇ ਪੰਡਿਤ, ਅੰਬਰੁ ਕਾ ਸਿਉ ਲਾਗਾ॥**
**ਬੂਝੈ ਬੂਝਨਹਾਰੁ ਸਭਾਗਾ॥ ੧॥ ਰਹਾਉ॥**
**ਸੂਰਜ ਚੰਦੁ ਕਰਹਿ ਉਜੀਆਰਾ॥**
**ਸਭ ਮਹਿ ਪਸਰਿਆ ਬ੍ਰਹਮ ਪਸਾਰਾ॥ ੨॥**
**ਕਹੁ ਕਬੀਰ ਜਾਨੈਗਾ ਸੋਇ॥**
**ਹਿਰਦੈ ਰਾਮੁ ਮੁਖਿ ਰਾਮੈ ਹੋਇ॥ ੩॥**

*(ਗਉੜੀ, ਕਬੀਰ ਜੀ, ਪੰਨਾ ੩੨੯)*

[ਪਦ ਅਰਥ : **ਅੰਬਰਿ**—ਆਕਾਸ਼ ਵਿਚ। **ਚੀਤੇ**—ਚਿੱਤਰੇ ਹਨ। **ਚੀਤਨਹਾਰੇ**—ਚਿੱਤਰਕਾਰ ਨੇ।]

### 3. ਪ੍ਰਭੂ ਦੀ ਰਜ਼ਾ :

ਮਾਇਆ (ਧਨ ਪਦਾਰਥ) ਆਨੀ-ਜਾਨੀ ਹੈ। ਇਵੇਂ ਹੀ ਦੁਖ-ਸੁਖ ਆਉਂਦੇ-ਜਾਂਦੇ ਰਹਿੰਦੇ ਹਨ। ਪ੍ਰਭੂ ਦੇ ਭਗਤ ਨੂੰ ਚਾਹੀਦਾ ਹੈ ਕਿ ਉਹ ਭਾਣੇ ਵਿਚ ਰਹਿੰਦਾ ਹੋਇਆ ਦੁਖ-ਸੁਖ, ਹਰਖ ਸੋਗ ਨੂੰ ਇਕ ਸਮਾਨ ਕਰਕੇ ਜਾਣੇ :

**ਸੰਪੈ ਦੇਖਿ ਨ ਹਰਖੀਐ, ਬਿਪਤਿ ਦੇਖਿ ਨ ਰੋਇ॥**
**ਜਿਉ ਸੰਪੈ ਤਿਉ ਬਿਪਤਿ ਹੈ, ਬਿਧ ਨੇ ਰਚਿਆ ਸੋ ਹੋਇ॥**

*(ਗਉੜੀ ਪੂਰਬੀ, ਪੰਨਾ ੩੩੭)*

ਆਪ ਪ੍ਰਭੂ ਦੇ ਭਾਣੇ, ਰਜ਼ਾ ਵਿਚ ਤੁਰਨ ਦੀ ਪ੍ਰੇਰਨਾ ਇਸ ਤਰ੍ਹਾਂ ਵੀ ਦਿੰਦੇ ਹਨ :

**ਕਬੀਰ ਕੂਕਰੁ ਰਾਮ ਕੋ, ਮੁਤੀਆ ਮੇਰੋ ਨਾਉ॥**
**ਗਲੇ ਹਮਾਰੇ ਜੇਵਰੀ, ਜਹ ਖਿੰਚੈ ਤਹ ਜਾਉ॥ ੭੪॥**

*(ਸਲੋਕ ਕਬੀਰ ਜੀ, ਪੰਨਾ ੧੩੬੮)*

### 4. ਪ੍ਰਭੂ-ਪ੍ਰੀਤ :

ਦੁਖ ਸੁਖ ਨੂੰ ਇਕ ਸਮਾਨ ਸਮਝਣ ਵਾਲੀ ਅਵਸਥਾ ਪ੍ਰਭੂ ਦਾ ਸਿਮਰਨ ਕਰਨ ਨਾਲ ਬਣਦੀ ਹੈ, ਪ੍ਰਭੂ ਨਾਲ ਪ੍ਰੀਤ ਪਾਉਣ ਨਾਲ ਬਣਦੀ ਹੈ। ਜਿਉਂ-ਜਿਉਂ ਪ੍ਰਭੂ-ਪ੍ਰੀਤ ਭਗਤ ਦੇ ਮਨ ਅੰਦਰ ਪੱਕੀ ਹੁੰਦੀ ਹੈ, ਤਿਉਂ-ਤਿਉਂ ਸੰਸਾਰਕ ਪਦਾਰਥਾਂ ਤੇ ਸੰਸਾਰਕ-ਰਿਸ਼ਤਿਆਂ ਦਾ ਮੋਹ ਖ਼ਤਮ ਹੁੰਦਾ ਜਾਂਦਾ ਹੈ। ਇਹ ਸੰਸਾਰਕ ਮੋਹ ਹੀ ਪ੍ਰਭੂ ਤੋਂ ਦੂਰੀ ਦਾ ਕਾਰਨ ਬਣਦਾ

ਹੈ। ਜਦੋਂ ਪ੍ਰੀਤ ਸਿਖਰ ਤੇ ਪੁੱਜਦੀ ਹੈ ਤਾਂ ਪ੍ਰੀਤਮ ਦਾ ਵਿਛੋੜਾ (ਪ੍ਰੀਤਮ ਦੀ ਯਾਦ ਵਲੋਂ ਬੇਧਿਆ ਸੀ) ਇਕ ਪਲ ਲਈ ਝੱਲਣਾ ਮੁਸ਼ਕਿਲ ਹੋ ਜਾਂਦਾ; ਜੀਵਨ ਅਰਥ-ਹੀਣ ਜਾਪਣ ਲੱਗ ਪੈਂਦਾ ਹੈ :

**ਕਰਵਤੁ ਭਲਾ ਨ ਕਰਵਟ ਤੇਰੀ॥**
**ਲਾਗੁ ਗਲੇ, ਸੁਨੁ ਬਿਨਤੀ ਮੇਰੀ॥ ੧॥**
**ਹਉ ਵਾਰੀ, ਮੁਖੁ ਫੇਰਿ ਪਿਆਰੇ॥**
**ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥ ੧॥ ਰਹਾਉ॥**
**ਜਉ ਤਨੁ ਚੀਰਹਿ ਅੰਗੁ ਨ ਮੋਰਉ॥**
**ਪਿੰਡੁ ਪਰੈ, ਤਉ ਪ੍ਰੀਤਿ ਨ ਤੋਰਉ॥ ੨॥**
**ਹਮ ਤੁਮ ਬੀਚੁ ਭਇਓ ਨਹੀ ਕੋਈ॥**
**ਤੁਮਹਿ ਸੁ ਕੰਤ ਨਾਰਿ ਹਮ ਸੋਈ॥ ੩॥**
**ਕਹਤੁ ਕਬੀਰੁ, ਸੁਨਹੁ ਰੇ ਲੋਈ॥**
**ਅਬ ਤੁਮਰੀ ਪਰਤੀਤਿ ਨ ਹੋਈ॥ ੪॥**

*(ਆਸਾ, ਕਬੀਰ ਜੀ, ਪੰਨਾ ੪੮੪)*

[**ਪਦ ਅਰਥ : ਕਰਵਤੁ**—ਕਰਵਤ੍ਰ, ਆਰਾ। **ਕਰਵਟ**—ਪਿੱਠ। **ਅੰਗੁ**—ਸਰੀਰ। **ਪਿੰਡੁ ਪਰੈ**—ਜੇ ਮੇਰਾ ਸਰੀਰ ਢਹਿ ਵੀ ਪਏਗਾ, ਜੇ ਸਰੀਰ ਤੇ ਵੀ ਆ ਬਣੇ। **ਰੇ ਲੋਈ**—ਹੇ ਜਗਤ (ਦੇ ਮੋਹ)।]

### *5. ਨਾਮ ਸਿਮਰਨ :*

ਮਾਇਆ ਦੇ ਚਸਕਿਆਂ ਨੂੰ ਤਿਆਗ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਮਾਇਆ ਦੇ ਚਸਕਿਆਂ ਨਾਲ ਆਤਮਕ-ਮੌਤ ਹੁੰਦੀ ਹੈ, ਪਰ ਪ੍ਰਭੂ ਦੀ ਸਿਫ਼ਤ-ਸਾਲਾਹ ਦੀ ਬਾਣੀ ਪੜ੍ਹਨ ਨਾਲ ਅਟੱਲ ਆਤਮਕ ਜੀਵਨ ਦੀ ਪ੍ਰਾਪਤੀ ਹੁੰਦੀ ਹੈ; ਮਨੁੱਖ ਸੰਸਾਰ-ਸਾਗਰ ਨੂੰ ਸਹਿਜੇ ਹੀ ਤਰ ਜਾਂਦਾ ਹੈ :

**ਕਹਤ ਕਬੀਰ ਛੋਡਿ ਬਿਖਿਆ ਰਸ, ਇਤੁ ਸੰਗਤਿ ਨਿਹਚਉ ਮਰਣਾ॥**
**ਰਮਈਆ ਜਪਹੁ ਪ੍ਰਾਣੀ, ਅਨਤ ਜੀਵਣ ਬਾਣੀ,**
**ਇਨ ਬਿਧਿ ਭਵ ਸਾਗਰੁ ਤਰਣਾ॥ ੨॥**
**ਜਾਂ ਤਿਸੁ ਭਾਵੈ ਤਾ ਲਾਗੈ ਭਾਉ॥**
**ਭਰਮੁ ਭੁਲਾਵਾ ਵਿਚਹੁ ਜਾਇ॥**
**ਉਪਜੈ ਸਹਜੁ ਗਿਆਨ ਮਤਿ ਜਾਗੈ॥**
**ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥ ੩॥**
**ਇਤੁ ਸੰਗਤਿ ਨਾਹੀ ਮਰਣਾ॥**
**ਹੁਕਮੁ ਪਛਾਣਿ ਤਾ ਖਸਮੈ ਮਿਲਣਾ॥** *(ਸਿਰੀਰਾਗੁ, ਕਬੀਰ ਜੀਉ ਕਾ, ਪੰਨਾ ੯੨)*

[**ਪਦ ਅਰਥ : ਬਿਖਿਆ ਰਸ**—ਮਾਇਆ ਦੇ ਸੁਆਦ। **ਇਤੁ ਸੰਗਤਿ**—ਮਾਇਆ ਦੇ ਰਸਾਂ ਦੀ ਸੰਗਤ ਵਿਚ। **ਮਰਣਾ**—ਆਤਮਕ ਮੌਤ। **ਅਨਤ ਜੀਵਣ**—ਅਟੱਲ ਜ਼ਿੰਦਗੀ। **ਭਵ ਸਾਗਰੁ**—ਸੰਸਾਰ ਸਮੁੰਦਰ। **ਭਾਉ**—ਪ੍ਰੇਮ। **ਸਹਜੁ**—ਉਹ ਅਵਸਥਾ ਜਿਸ ਵਿਚ ਭਟਕਣਾ ਨਾ ਰਹੇ, ਅਡੋਲਤਾ। **ਗਿਆਨ ਮਤਿ**—ਗਿਆਨ ਵਾਲੀ ਬੁੱਧੀ। **ਇਤੁ ਸੰਗਤ**—ਇਸ ਸੰਗਤਿ ਵਿਚ, ਪ੍ਰਭੂ ਨਾਲ ਜੁੜਨ ਵਾਲੀ ਹਾਲਤ ਵਿਚ। **ਮਿਲਣਾ**—ਮਿਲਾਪ।]

ਕਬੀਰ ਜੀ ਅਨੁਸਾਰ ਪ੍ਰਭੂ ਦਾ ਨਾਮ (ਪ੍ਰਭੂ ਦੀ ਸਿਫਤਿ-ਸਾਲਾਹ) ਹੀ ਅਸਲੀ ਧਨ ਹੈ, ਜੋ ਆਤਮਕ-ਜੀਵਨ ਦਾ ਸਹਾਰਾ ਹੈ। ਉਨ੍ਹਾਂ ਲਈ (ਤੇ ਹਰੇਕ ਜਗਿਆਸੂ ਲਈ) ਪ੍ਰਭੂ ਦਾ ਨਾਮ ਹੀ ਮਾਇਆ, ਰਾਸ-ਪੂੰਜੀ, ਰਿਸ਼ਤੇਦਾਰ, ਭੈਣ-ਭਾਈ, ਸੱਜਣ-ਮਿੱਤਰ ਆਦਿ ਹੈ। ਪ੍ਰਭੂ ਦਾ ਨਾਮ ਮਾਇਆ (ਸੰਸਾਰ) ਵਿਚ ਰਹਿੰਦਿਆਂ ਹੋਇਆਂ, ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਜਪਿਆ ਜਾ ਸਕਦਾ ਹੈ :

**ਇਹੁ ਧਨੁ ਮੇਰੇ ਹਰਿ ਕੋ ਨਾਉ ॥**
**ਗਾਂਠਿ ਨ ਬਾਧਉ, ਬੇਚਿ ਨ ਖਾਉ ॥ ੧ ॥ ਰਹਾਉ ॥**
**ਨਾਉ ਮੇਰੇ ਖੇਤੀ, ਨਾਉ ਮੇਰੇ ਬਾਰੀ ॥**
**ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥ ੧ ॥**
**ਨਾਉ ਮੇਰੇ ਮਾਇਆ, ਨਾਉ ਮੇਰੇ ਪੂੰਜੀ ॥**
**ਤੁਮਹਿ ਛੋਡਿ ਜਾਨਉ ਨਹੀ ਦੂਜੀ ॥ ੨ ॥**
**ਨਾਉ ਮੇਰੇ ਬੰਧਿਪ, ਨਾਉ ਮੇਰੇ ਭਾਈ ॥**
**ਨਾਉ ਮੇਰੇ ਸੰਗਿ, ਅੰਤਿ ਹੋਇ ਸਖਾਈ ॥ ੩ ॥**
**ਮਾਇਆ ਮਹਿ ਜਿਸੁ ਰਖੈ ਉਦਾਸੁ ॥**
**ਕਹਿ ਕਬੀਰ, ਹਉ ਤਾ ਕੋ ਦਾਸੁ ॥ ੪ ॥**

*(ਭੈਰਉ, ਕਬੀਰ ਜੀ, ਪੰਨਾ ੧੧੫੭)*

[**ਪਦ ਅਰਥ : ਮੇਰੇ**—ਮੇਰੇ ਕੋਲ। **ਗਾਂਠਿ**—ਗੰਢ-ਪੱਲੇ। **ਬਾਰੀ**—ਵਾੜੀ, ਬਗੀਚੀ। **ਬੰਧਿਪ**—ਸੰਬੰਧੀ। **ਭਾਈ**—ਭਰਾ। **ਸਖਾਈ**—ਸਹਾਈ, ਸਹਾਇਤਾ ਕਰਨ ਵਾਲਾ। **ਜਿਸੁ**—ਜਿਸ ਮਨੁੱਖ ਨੂੰ। **ਉਦਾਸੁ**—ਨਿਰਲੇਪ।]

ਪ੍ਰਭੂ ਦਾ ਨਾਮ ਹੀ ਸਿਮਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਅਥਵਾ ਪ੍ਰਭੂ ਨਾਲ ਸਾਂਝ ਪੈਂਦੀ ਹੈ। ਜਪ, ਤਪ, ਵਰਤ ਆਦਿ ਨਿਰਾਰਥਕ ਕਰਮ ਹਨ। ਪ੍ਰਭੂ ਦੀ ਪੂਜਾ ਅਥਵਾ ਉਸ ਦੀ ਭਗਤੀ ਹੀ ਪ੍ਰਭੂ-ਮਿਲਾਪ ਦਾ ਇਕ ਮਾਤਰ ਸਾਧਨ ਹੈ :

**ਰਮਈਆ ਗੁਨ ਗਾਈਐ ॥ ਜਾ ਤੇ ਪਾਈਐ ਪਰਮ ਨਿਧਾਨੁ ॥ ੧ ॥ ਰਹਾਉ ॥**
**ਕਿਆ ਜਪੁ, ਕਿਆ ਤਪੁ ਸੰਜਮੋ, ਕਿਆ ਬਰਤੁ, ਕਿਆ ਇਸਨਾਨੁ ॥**
**ਜਬ ਲਗੁ ਜੁਗਤਿ ਨ ਜਾਨੀਐ, ਭਾਉ ਭਗਤਿ ਭਗਵਾਨ ॥ ੨ ॥**

*(ਗਉੜੀ ਪੂਰਬੀ, ਕਬੀਰ ਜੀ, ਪੰਨਾ ੩੩੭)*

ਪ੍ਰਭੂ ਦਾ ਨਾਮ ਸਿਮਰਨ ਵਾਲਿਆਂ ਦੇ ਮਨ ਵਿਚ ਭਗਤ ਪ੍ਰਹਿਲਾਦ ਅਤੇ ਧ੍ਰੂਅ ਵਰਗੀ ਦ੍ਰਿੜ੍ਹਤਾ, ਚਾਅ, ਲਗਨ, ਵਿਸ਼ਵਾਸ, ਸ਼ਰਧਾ, ਆਪਾ ਸਮਰਪਣ ਦੀ ਭਾਵਨਾ ਅਤੇ ਤਿਆਗ ਦੀ ਲੋੜ ਹੁੰਦੀ ਹੈ। ਇਸੇ ਲਈ ਭਗਤ ਕਬੀਰ ਜੀ ਲਿਖਦੇ ਹਨ :

**ਰਾਮ ਜਪਉ ਜੀਅ ਐਸੇ ਐਸੇ ॥**
**ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥** *(ਗਉੜੀ ਕਬੀਰ ਜੀ, ਪੰਨਾ ੩੩੭)*

ਪ੍ਰਭੂ-ਨਾਮ ਦੀ ਉੱਚਤਾ ਨੂੰ ਦਰਸਾਉਂਦਿਆਂ ਹੋਇਆਂ ਕਬੀਰ ਜੀ ਆਖਦੇ ਹਨ ਕਿ ਸੁਪਨੇ ਵਿਚ ਬੋਲਦਿਆਂ ਹੋਇਆਂ ਵੀ ਜਿਸ ਮਨੁੱਖ ਦੇ ਮਨ ਵਿਚੋਂ 'ਰਾਮ' ਲਫਜ਼ ਨਿਕਲਦਾ ਹੈ, ਉਸ ਗੁਰਮੁਖ ਦੇ ਪੈਰਾਂ ਦੀ ਜੁੱਤੀ ਲਈ ਮੇਰੇ ਸਰੀਰ ਦੀ ਖੱਲ ਹਾਜ਼ਰ ਹੈ :

**ਕਬੀਰ ਸੁਪਨੈ ਹੂ ਬਰੜਾਇ ਕੈ, ਜਿਹ ਮੁਖਿ ਨਿਕਸੈ ਰਾਮੁ ॥**
**ਤਾ ਕੇ ਪਗ ਕੀ ਪਾਨਹੀ, ਮੇਰੇ ਤਨ ਕੋ ਚਾਮੁ ॥ ੬੩ ॥** *(ਪੰਨਾ ੧੩੬੭)*

[ਪਦ-ਅਰਥ : ਪਗ—ਪੈਰ। ਪਾਨਹੀ—ਜੁੱਤੀ]

## *6. ਨਿਰਮਲ ਆਚਰਨ :*

ਪ੍ਰਭੂ ਦਾ ਨਾਮ ਸਿਮਰਨ ਲਈ ਸੱਚੇ-ਸੁੱਚੇ ਆਚਰਨ ਦੀ ਲੋੜ ਹੁੰਦੀ ਹੈ। ਸਿਮਰਨ ਵਿਚ ਲੱਗੇ ਮਨੁੱਖ ਨੂੰ ਹਉਮੈ-ਹੰਕਾਰ ਤੋਂ ਰਹਿਤ ਹੋਣਾ ਚਾਹੀਦਾ ਹੈ, ਉਸ ਵਿਚ ਦੂਜਿਆਂ ਵਲੋਂ ਆਏ ਕਲੇਸ਼ਾਂ ਤੇ ਕੁਬੋਲਾਂ ਨੂੰ ਸਹਾਰਨ ਦੀ ਆਦਤ ਹੋਣੀ ਚਾਹੀਦੀ ਹੈ। ਉਹ ਕਿਸੇ ਦਾ ਦਿਲ ਨਾ ਦੁਖਾਵੇ, ਉਸ ਨੂੰ ਰਸਤੇ ਦੀ ਧੂੜ ਦੀ ਤਰ੍ਹਾਂ ਨਰਮ-ਦਿਲ ਹੋਣਾ ਚਾਹੀਦਾ ਹੈ। ਉਸ ਨੂੰ ਲੋਕਾਂ ਦੇ ਐਬ ਨਹੀਂ ਕੱਢਣੇ ਚਾਹੀਦੇ। ਉਸਦਾ ਹਿਰਦਾ ਪਾਣੀ ਦੀ ਤਰ੍ਹਾਂ ਨਿਰਮਲ (ਔਗੁਣਾਂ ਤੋਂ ਰਹਿਤ) ਹੋਵੇ, ਅਤੇ ਹਰੇਕ ਚੰਗੇ-ਮੰਦੇ ਨਾਲ ਇਕੋ ਜਿਹਾ ਵਿਹਾਰ ਕਰੇ, ਮਨ ਵਿਚ ਕਦੇ ਗੁੱਸਾ, ਕਦੇ ਹਲੀਮੀ ਨਾ ਹੋਵੇ, ਸਗੋਂ ਸਦਾ ਹੀ ਨਿਮਰਤਾ ਦਾ ਹੋਣਾ ਜ਼ਰੂਰੀ ਹੈ। ਐਸੇ ਮਨੁੱਖ ਦਾ ਅੰਤਮ ਨਿਸ਼ਾਨਾ ਪ੍ਰਭੂ ਦੇ ਨੈਤਿਕ ਤੇ ਦੈਵੀ ਗੁਣਾਂ ਦਾ ਮਾਲਕ ਬਣ ਕੇ, 'ਹਰਿ ਜੈਸਾ' ਬਣਨਾ ਹੋਣਾ ਚਾਹੀਦਾ ਹੈ। ਇਸ ਗੱਲ ਨੂੰ ਭਗਤ ਜੀ ਨੇ ਉਦਾਹਰਣਾਂ ਦੇ ਕੇ ਇੰਝ ਸਮਝਾਇਆ ਹੈ :

**ਕਬੀਰ ਰੋੜਾ ਹੋਇ ਰਹੁ ਬਾਟ ਕਾ, ਤਜਿ ਮਨ ਕਾ ਅਭਿਮਾਨੁ ॥**
**ਐਸਾ ਕੋਈ ਦਾਸੁ ਹੋਇ, ਤਾਹਿ ਮਿਲੈ ਭਗਵਾਨੁ ॥ ੧੪੬ ॥**
**ਕਬੀਰ ਰੋੜਾ ਹੂਆ ਤ ਕਿਆ ਭਇਆ, ਪੰਥੀ ਕਉ ਦੁਖੁ ਦੇਇ ॥**
**ਐਸਾ ਤੇਰਾ ਦਾਸੁ ਹੈ, ਜਿਉ ਧਰਨੀ ਮਹਿ ਖੇਹ ॥ ੧੪੭ ॥**
**ਕਬੀਰ ਖੇਹ ਹੂਈ ਤਉ ਕਿਆ ਭਇਆ, ਜਉ ਉਡਿ ਲਾਗੈ ਅੰਗ ॥**
**ਹਰਿ ਜਨੁ ਐਸਾ ਚਾਹੀਐ, ਜਿਉ ਪਾਨੀ ਸਰਬੰਗ ॥ ੧੪੮ ॥**
**ਕਬੀਰ ਪਾਨੀ ਹੂਆ ਤ ਕਿਆ ਭਇਆ, ਸੀਰਾ ਤਾਤਾ ਹੋਇ ॥**
**ਹਰਿ ਜਨੁ ਐਸਾ ਚਾਹੀਐ, ਜੈਸਾ ਹਰਿ ਹੀ ਹੋਇ ॥ ੧੪੯ ॥**

*(ਸਲੋਕ ਕਬੀਰ ਜੀਉ ਕੇ, ਪੰਨਾ ੧੩੭੨)*

[ਪਦ ਅਰਥ : ਬਾਟ—ਰਸਤਾ। ਪੰਥੀ—ਰਾਹੀ, ਮੁਸਾਫਿਰ। ਧਰਨੀ—ਧਰਤੀ।

**ਸਰਬੰਗ**—ਸਾਰੇ ਅੰਗਾਂ ਨਾਲ (ਮੇਲ ਰੱਖਣ ਵਾਲਾ)। **ਸੀਰਾ**—ਠੰਢਾ। **ਤਾਤਾ**—ਤੱਤਾ, ਗਰਮ ਸੁਭਾਅ ਵਾਲਾ।]

## *7. ਮਨੁੱਖੀ ਏਕਤਾ :*

ਪ੍ਰਭੂ ਨਾਲ ਜੁੜੇ ਹੋਏ ਮਨੁੱਖ, ਸਾਰੀ ਖਲਕਤ ਵਿਚ ਇਕੋ ਪ੍ਰਭੂ ਦੀ ਜੋਤਿ ਨੂੰ ਅਨੁਭਵ ਕਰਦੇ ਹੋਏ ਜਾਤ-ਪਾਤ, ਧਰਮ, ਕੁਲ, ਦੇਸ਼, ਊਚ-ਨੀਚ ਆਦਿ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ, ਸਭ ਦਾ ਸਤਿਕਾਰ ਕਰਦੇ ਹਨ। ਉਨ੍ਹਾਂ ਲਈ ਖਲਕਤ (ਦੁਨੀਆਂ) ਦੀ ਸੇਵਾ, ਖਾਲਕ (ਪ੍ਰਭੂ) ਦੀ ਸੇਵਾ ਹੀ ਹੋ ਨਿਬੜਦੀ ਹੈ। ਭਗਤ ਕਬੀਰ ਜੀ ਦਾ ਹੇਠ ਲਿਖਿਆ ਸ਼ਬਦ ਆਮ ਲੋਕਾਂ ਵਿਚ ਪ੍ਰਸਿੱਧ ਹੈ ਤੇ ਭਗਤ ਜੀ ਦੇ ਵਿਚਾਰਾਂ ਤੀ ਤਰਜਮਾਨੀ ਕਰਦਾ ਹੈ :

**ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ॥ ੧॥**
**ਲੋਗਾ, ਭਰਮਿ ਨ ਭੂਲਹੁ ਭਾਈ॥**
**ਖਾਲਿਕੁ ਖਲਕ, ਖਲਕ ਮਹਿ ਖਾਲਿਕੁ,**
**ਪੂਰਿ ਰਹਿਓ ਸ੍ਰਬ ਠਾਂਈ॥ ੧॥ ਰਹਾਉ॥**
**ਮਾਟੀ ਏਕ ਅਨੇਕ ਭਾਂਤਿ ਕਰਿ, ਸਾਜੀ ਸਾਜਨਹਾਰੈ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ, ਨਾ ਕਛੁ ਪੋਚ ਕੁੰਭਾਰੈ॥ ੨॥**
**ਸਭ ਮਹਿ ਸਚਾ ਏਕੋ ਸੋਈ, ਤਿਸ ਕਾ ਕੀਆ ਸਭੁ ਕਛੁ ਹੋਈ॥**
**ਹੁਕਮੁ ਪਛਾਨੈ ਸੁ ਏਕੋ ਜਾਨੈ, ਬੰਦਾ ਕਹੀਐ ਸੋਈ॥ ੩॥**
**ਅਲਹੁ ਅਲਖੁ ਨ ਜਾਈ ਲਖਿਆ, ਗੁਰਿ ਗੁੜੁ ਦੀਨਾ ਮੀਠਾ॥**
**ਕਹਿ ਕਬੀਰ ਮੇਰੀ ਸੰਕਾ ਨਾਸੀ, ਸਰਬ ਨਿਰੰਜਨੁ ਡੀਠਾ॥ ੪॥**

*(ਪ੍ਰਭਾਤੀ, ਕਬੀਰ ਜੀ, ਪੰਨਾ ੧੩੪੯)*

[**ਅਰਥ** : ਸਭ ਤੋਂ ਪਹਿਲਾਂ ਖ਼ੁਦਾ ਦਾ ਨੂਰ ਹੀ ਹੈ, ਜਿਸ ਨੇ ਜਗਤ ਪੈਦਾ ਕੀਤਾ ਹੈ। ਇਹ ਸਾਰੇ ਜੀਵ-ਜੰਤ ਪਰਮਾਤਮਾ ਦੀ ਕੁਦਰਤ ਦੇ ਹੀ ਬਣਾਏ ਹੋਏ ਹਨ। ਇਕ ਪ੍ਰਭੂ ਦੀ ਜੋਤਿ ਤੋਂ ਹੀ ਸਾਰਾ ਸੰਸਾਰ ਪੈਦਾ ਹੋਇਆ ਹੈ, ਇਸ ਲਈ ਕਿਸੇ ਨੂੰ ਚੰਗਾ ਤੇ ਕਿਸੇ ਨੂੰ ਮੰਦਾ ਨਾ ਆਖੋ। ੧।

ਹੇ ਲੋਕੋ! ਕਿਸੇ ਭੁਲੇਖੇ ਵਿਚ ਪੈ ਕੇ ਖੁਆਰ ਨਾ ਹੋਵੋ। ਪਰਮਾਤਮਾ ਸਾਰੀ ਦੁਨੀਆਂ (ਖ਼ਲਕਤ) ਨੂੰ ਪੈਦਾ ਕਰਨ ਵਾਲਾ ਹੈ, ਤੇ ਦੁਨੀਆਂ ਵਿਚ ਮੌਜੂਦ ਹੈ; ਉਹ ਹਰ ਥਾਂ ਭਰਪੂਰ ਹੈ। ੧। ਰਹਾਉ।

ਸੰਸਾਰ ਬਣਾਉਣ ਵਾਲੇ (ਪ੍ਰਭੂ) ਨੇ ਇਕੋ ਹੀ ਮਿੱਟੀ (ਭਾਵ, ਇਕੋ ਜਿਹੇ ਤੱਤਾਂ ਤੋਂ) ਕਈ ਕਿਸਮਾਂ ਦੇ ਜੀਵ-ਜੰਤ ਪੈਦਾ ਕੀਤੇ ਹਨ। ਨਾ ਹੀ ਮਿੱਟੀ ਦੇ ਇਨ੍ਹਾਂ ਭਾਂਡਿਆਂ (ਜੀਵ ਜੰਤਾਂ) ਵਿਚ ਕੋਈ ਊਣਤਾਈ ਹੈ, ਤੇ ਨਾ ਹੀ ਇਨ੍ਹਾਂ ਨੂੰ ਬਣਾਉਣ ਵਾਲੇ ਮ਼ਿਆਰ (ਪ੍ਰਭੂ) ਵਿਚ ਕੋਈ ਊਣਤਾਈ (ਪੋਚ) ਹੈ। ੨।

ਸਭ ਜੀਵਾਂ ਵਿਚ ਸਦਾ ਰਹਿਣ ਵਾਲਾ ਪਰਮਾਤਮਾ ਵਸਦਾ ਹੈ। ਸੰਸਾਰ ਵਿਚ ਸਭ ਕੁਝ ਉਸ ਪ੍ਰਭੂ ਦਾ ਕੀਤਾ ਹੀ ਹੋ ਰਿਹਾ ਹੈ। ਜਿਸ ਮਨੁੱਖ ਨੂੰ ਪ੍ਰਭੂ ਦੇ ਭਾਣੇ (ਹੁਕਮ/ਰਜ਼ਾ) ਦੀ ਸਮਝ ਆ ਗਈ ਹੈ, ਜਿਸ ਨੇ ਉਸ ਨਾਲ ਸਾਂਝ ਪਾਈ ਹੈ, ਉਹੀ ਪ੍ਰਭੂ ਦਾ ਬੰਦਾ ਕਹਾ ਸਕਦਾ ਹੈ। ੩।

ਪਰਮਾਤਮਾ ਦਾ ਪੂਰਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਭਾਵ ਉਸ ਦੇ ਸਾਰੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ। ਕਬੀਰ ਆਖਦਾ ਹੈ—ਮੇਰੇ ਗੁਰੂ ਨੇ (ਪਰਮਾਤਮਾ ਦੇ ਗੁਣਾਂ ਦੀ ਸਮਝ ਰੂਪ) ਮਿੱਠਾ ਗੁੜ ਮੈਨੂੰ ਦਿੱਤਾ ਹੈ, ਜਿਸ ਨੂੰ ਚੱਖ ਕੇ (ਭਾਵ, ਗੁਣਾਂ ਨੂੰ ਮਨ ਵਿਚ ਧਾਰਨ ਕਰਕੇ) ਮੈਂ ਮਾਇਆ-ਰਹਿਤ ਪ੍ਰਭੂ ਨੂੰ ਹਰ ਥਾਂ ਵੇਖ ਲਿਆ ਹੈ ਅਤੇ ਮੈਨੂੰ ਕੋਈ ਸ਼ੱਕ ਨਹੀਂ ਰਿਹਾ—ਮੇਰੇ ਅੰਦਰ ਜਾਤ-ਧਰਮ ਦੇ ਆਧਾਰ 'ਤੇ ਮਨੁੱਖਾਂ ਦੇ ਉੱਚੇ ਜਾਂ ਨੀਵੇਂ ਹੋਣ ਦਾ ਭਰਮ ਨਹੀਂ ਰਿਹਾ। ੪।

ਕਬੀਰ ਸਾਹਿਬ ਸਭ ਮਨੁੱਖਾਂ, ਹਿੰਦੂਆਂ ਤੇ ਮੁਸਲਮਾਨਾਂ, ਅੱਲਾ ਤੇ ਰਾਮ ਨੂੰ ਇਕ-ਸਮਾਨ ਸਮਝਦੇ ਹਨ (ਕਿਉਂਕਿ ਹਰੇਕ ਮਨੁੱਖ ਵਿਚ ਤੇ ਹਰ ਥਾਂ ਪ੍ਰਭੂ ਮੌਜੂਦ ਹੈ)।]

**ਹਿੰਦੂ ਤੁਰਕ ਕਹਾ ਤੇ ਆਏ, ਕਿਨਿ ਏਹ ਰਾਹ ਚਲਾਈ॥**
**ਦਿਲ ਮਹਿ ਸੋਚਿ ਬਿਚਾਰਿ ਕਵਾਦੇ, ਭਿਸਤ ਦੋਜਕ ਕਿਨਿ ਪਾਈ॥ ੧॥**

*(ਆਸਾ, ਕਬੀਰ ਜੀ, ਪੰਨਾ ੪੭੭)*

[**ਪਦ ਅਰਥ : ਏਹ ਰਾਹ**—ਹਿੰਦੂ ਤੇ ਮੁਸਲਮਾਨ ਦੀ ਮਰਯਾਦਾ ਦੇ ਇਹ ਰਸਤੇ। **ਕਵਾਦੇ**—ਹੇ ਕੋਝੇ ਝਗੜਾਲੂ!]

## *8. ਸਤਿ ਸੰਗਤ :*

ਉੱਪਰ ਲਿਖੀਆਂ ਵਿਚਾਰਾਂ ਦਾ ਪਤਾ ਮਨੁੱਖ ਨੂੰ ਸਾਧ-ਸੰਗਤ ਵਿਚੋਂ ਲਗਦਾ ਹੈ; ਸਾਧ ਸੰਗਤ ਹੀ ਮਨੁੱਖ ਦੇ ਆਚਰਨ ਦੀ ਘਾੜਤ ਘੜਦੀ ਹੈ, ਮਨੁੱਖ ਨੂੰ ਸਹੀ ਅਰਥਾਂ ਵਿਚ ਧਰਮੀ ਬਣਾਉਂਦੀ ਹੈ। ਇਸ ਲਈ ਸਾਧ-ਸੰਗਤ, ਸਤਿ-ਸੰਗਤ ਜਾਂ ਗੁਰਮੁਖਾਂ ਦੀ ਸੰਗਤ ਕਰਨ ਦੀ ਪ੍ਰੇਰਨਾ ਵਾਰ-ਵਾਰ ਦਿੱਤੀ ਜਾਂਦੀ ਹੈ ਅਤੇ ਦੁਰਜਨਾਂ ਦੀ ਸੰਗਤ ਤੋਂ ਵਰਜਿਆ ਜਾਂਦਾ ਹੈ :

- **ਕਬੀਰ ਮਨੁ ਪੰਖੀ ਭਇਓ, ਉਡਿ ਉਡਿ ਦਹ ਦਿਸ ਜਾਇ॥**
  **ਜੋ ਜੈਸੀ ਸੰਗਤਿ ਮਿਲੈ, ਸੋ ਤੈਸੋ ਫਲੁ ਖਾਇ॥ ੮੬॥**

  *(ਪੰਨਾ ੧੩੬੯)*

- **ਕਬੀਰ ਮਾਰੀ ਮਰਉ ਕੁਸੰਗ ਕੀ, ਕੇਲੇ ਨਿਕਟਿ ਜੁ ਬੇਰਿ॥**
  **ਉਹ ਝੂਲੈ, ਉਹ ਚੀਰੀਐ, ਸਾਕਤ ਸੰਗੁ ਨ ਹੇਰਿ॥ ੮੮॥**
- **ਕਬੀਰ ਸੰਗਤਿ ਕਰੀਐ ਸਾਧ ਕੀ, ਅੰਤਿ ਕਰੈ ਨਿਰਬਾਹੁ॥**
  **ਸਾਕਤ ਸੰਗੁ ਨ ਕੀਜੀਐ, ਜਾ ਤੇ ਹੋਇ ਬਿਨਾਹੁ॥ ੯੩॥**
- **ਕਬੀਰ ਸੰਤ ਕੀ ਗੈਲ ਨ ਛੋਡੀਐ, ਮਾਰਗਿ ਲਾਗਾ ਜਾਉ॥**
  **ਪੇਖਤ ਹੀ ਪੁੰਨੀਤ ਹੋਇ, ਭੇਟਤ ਜਪੀਐ ਨਾਉ॥ ੧੩੦॥** *(ਪੰਨਾ ੧੩੭੭)*

• **ਕਬੀਰ ਸਾਕਤ ਸੰਗੁ ਨ ਕੀਜੀਐ, ਦੂਰਹਿ ਜਾਈਐ ਭਾਗਿ ॥**
**ਬਾਸਨੁ ਕਾਰੋ ਪਰਸੀਐ, ਤਉ ਕਛੁ ਲਾਗੈ ਦਾਗੁ ॥ ੧੩੧ ॥**

## 9. ਸਤਿਗੁਰੂ ਦਾ ਉਪਦੇਸ਼ :

ਧਰਮ ਦੇ ਮਾਰਗ ਉੱਪਰ ਚੱਲਣ ਲਈ, ਜੀਵਨ ਦੇ ਸੱਚ ਦੇ ਗਿਆਨ ਲਈ, ਪ੍ਰਭੂ ਨਾਲ ਜੁੜਨ ਦਾ ਢੰਗ-ਤਰੀਕਾ ਸਮਝਣ ਲਈ, ਮਨੁੱਖਾ ਜੀਵਨ ਨੂੰ ਸਫਲ ਕਰਨ ਲਈ **'ਸਤਿਗੁਰੂ' ਦੀ ਅਗਵਾਈ** ਦੀ ਸਭ ਤੋਂ ਵੱਧ ਲੋੜ ਹੈ। ਪ੍ਰਭੂ ਤੋਂ ਪ੍ਰਾਪਤ ਗਿਆਨ (ਸ਼ਬਦ/ਗੁਰਬਾਣੀ) ਦੁਆਰਾ ਸਤਿਗੁਰੂ ਸਿੱਖ ਨੂੰ ਮਾਇਆ ਅਤੇ ਵਿਕਾਰਾਂ ਦੇ ਭੈੜੇ ਪ੍ਰਭਾਵ ਤੋਂ ਬਚਾਉਂਦਾ ਹੈ, ਸਿੱਖ ਦੀ ਭਟਕਣਾ ਖ਼ਤਮ ਕਰਦਾ ਹੈ ਅਤੇ ਉਸ ਨੂੰ ਆਤਮਕ ਸੁਖ ਤੇ ਸ਼ਾਂਤੀ ਪ੍ਰਦਾਨ ਕਰਦਾ ਹੈ :

**ਕਬੀਰ ਸਾਚਾ ਸਤਿਗੁਰੁ ਮੈ ਮਿਲਿਆ, ਸਬਦੁ ਜੁ ਬਾਹਿਆ ਏਕੁ ॥**
**ਲਾਗਤ ਹੀ ਭੁਇ ਮਿਲਿ ਗਇਆ, ਪਰਿਆ ਕਲੇਜੇ ਛੇਕੁ ॥ ੧੫੭ ॥**

*(ਪੰਨਾ ੧੩੭੨)*

[**ਅਰਥ** : ਹੇ ਕਬੀਰ! ਮੈਨੂੰ ਸੱਚਾ ਸਤਿਗੁਰੂ ਮਿਲ ਗਿਆ ਹੈ, ਉਸ ਨੇ ਇਕ ਸ਼ਬਦ ਸੁਣਾਇਆ ਹੈ ਜੋ ਮੈਨੂੰ ਤੀਰ ਵਾਂਗ ਲੱਗਾ ਹੈ, ਮੇਰਾ ਹਿਰਦਾ ਗੁਰੂ ਚਰਨਾਂ ਵਿਚ ਪ੍ਰੋਤਾ ਗਿਆ ਹੈ, ਤੇ ਮੇਰਾ ਹੰਕਾਰ ਮਿੱਟੀ ਵਿਚ ਮਿਲ ਗਿਆ ਹੈ।]

**ਕਬੀਰ ਥੂਨੀ ਪਾਈ ਥਿਤਿ ਭਈ, ਸਤਿਗੁਰ ਬੰਧੀ ਧੀਰ ॥**
**ਕਬੀਰ ਹੀਰਾ ਬਨਜਿਆ ਮਾਨ ਸਰੋਵਰ ਤੀਰ ॥ ੧੬੧ ॥** *(ਪੰਨਾ ੧੩੭੩)*

[**ਪਦ ਅਰਥ : ਥੂਨੀ**—ਥੰਮ੍ਹੀ, ਸਤਿਗੁਰੂ ਦਾ ਸ਼ਬਦ। **ਥਿਤਿ**—ਟਿਕਾਅ, ਸ਼ਾਂਤੀ, ਪ੍ਰਭੂ ਚਰਨਾਂ ਵਿਚ ਟਿਕਾਅ। **ਬੰਧੀ ਧੀਰ**—ਭਟਕਣਾ ਤੋਂ ਬਚਾ ਲਿਆ। **ਹੀਰਾ**—ਪਰਮਾਤਮਾ ਦਾ ਨਾਮ। **ਬਨਜਿਆ**—(ਮਨ ਗੁਰੂ ਦੇ ਹਵਾਲੇ ਕਰ ਕੇ) ਖਰੀਦਿਆ। **ਮਾਨ ਸਰੋਵਰ**—ਸਤਿਸੰਗ। **ਤੀਰ**—ਕੰਢਾ।]

[**ਅਰਥ** : ਹੇ ਕਬੀਰ! ਪਰਮਾਤਮਾ ਦਾ ਨਾਮ ਇਕ ਪ੍ਰਕਾਰ ਦਾ ਹੀਰਾ ਹੈ; ਪਰਮਾਤਮਾ ਦਾ ਸੇਵਕ ਉਸ ਹੀਰੇ ਦਾ ਵਪਾਰੀ ਹੈ; ਇਹ ਨਾਮ-ਹੀਰਾ ਪ੍ਰਾਪਤ ਕਰਕੇ ਉਹ ਸੇਵਕ ਆਪਣੇ ਹਿਰਦੇ ਨੂੰ ਸੋਹਣਾ ਸਜਾਉਂਦਾ ਹੈ। ਜਦੋਂ ਨਾਮ ਦੀ ਕਦਰ ਜਾਣਨ ਵਾਲੇ ਸੇਵਕ ਸਤਿਸੰਗਤ ਵਿਚ ਮਿਲਦੇ ਹਨ, ਤਦੋਂ ਪਰਮਾਤਮਾ ਦੇ ਗੁਣਾਂ ਦੀ ਸਾਂਝ ਬਣਾਉਂਦੇ ਹਨ (ਭਾਵ, ਰਲ ਕੇ ਪਰਮਾਤਮਾ ਦੀ ਵਡਿਆਈ ਕਰਦੇ ਹਨ)।]

**ਕਬੀਰ ਗੂੰਗਾ ਹੂਆ ਬਾਵਰਾ, ਬਹਰਾ ਹੂਆ ਕਾਨ ॥**
**ਪਾਵਹੁ ਤੇ ਪਿੰਗੁਲ ਭਇਆ, ਮਾਰਿਆ ਸਤਿਗੁਰ ਬਾਨ ॥ ੧੯੩ ॥**

*(ਪੰਨਾ ੧੩੭੪)*

[**ਅਰਥ** : ਹੇ ਕਬੀਰ! ਜਿਸ ਮਨੁੱਖ ਦੇ ਹਿਰਦੇ ਵਿਚ ਸਤਿਗੁਰੂ ਆਪਣੇ ਸ਼ਬਦ ਦਾ ਤੀਰ ਮਾਰਦਾ ਹੈ, ਉਹ ਮਨੁੱਖ ਦੁਨੀਆਂ ਦੇ ਭਾਣੇ ਗੂੰਗਾ, ਕਮਲਾ, ਬੋਲਾ ਤੇ ਲੂਲ੍ਹਾ (ਅਪੰਗ) ਹੋ ਜਾਂਦਾ ਹੈ (ਕਿਉਂਕਿ ਉਹ ਮੂੰਹੋਂ ਮੰਦੇ ਬੋਲ ਨਹੀਂ ਬੋਲਦਾ, ਉਸ ਨੂੰ ਕਿਸੇ ਦੀ ਮੁਥਾਜੀ

ਨਹੀਂ ਹੁੰਦੀ, ਕੰਨਾਂ ਨਾਲ ਨਿੰਦਿਆ ਨਹੀਂ ਸੁਣਦਾ ਅਤੇ ਪੈਰਾਂ ਨਾਲ ਮਾੜੇ ਪਾਸੇ ਵੱਲ ਨਹੀਂ ਜਾਂਦਾ।]

ਪਰ ਜਿਹੜਾ ਸਿੱਖ ਹੰਕਾਰ ਨਹੀਂ ਤਿਆਗਦਾ, ਮਨ ਦੀ ਮਤ ਨਹੀਂ ਤਿਆਗਦਾ, ਜ਼ਿੱਦੀ ਤੇ ਅੱਖੜ ਸੁਭਾਅ ਦਾ ਹੁੰਦਾ ਹੈ, ਉਸ ਉੱਤੇ ਗੁਰੂ ਦੀ ਸਿੱਖਿਆ ਦਾ ਅਸਰ ਨਹੀਂ ਹੁੰਦਾ। ਅਜਿਹਾ ਭਾਗਹੀਨ ਮਨੁੱਖ ਜੀਵਨ ਵਿਅਰਥ ਗੁਆ ਕੇ, ਸੰਸਾਰ ਵਿਚੋਂ ਚਲਾ ਜਾਂਦਾ ਹੈ।

**ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਜਉ ਸਿਖਾ ਮਹਿ ਚੂਕ॥**
**ਅੰਧੇ ਏਕ ਨ ਲਾਗਈ, ਜਿਉ ਬਾਂਸੁ ਬਜਾਈਐ ਫੂਕ॥ ੧੫੮॥**

*(ਪੰਨਾ ੧੩੭੨)*

[**ਅਰਥ :** ਹੇ ਕਬੀਰ! ਜੇ ਸਿੱਖਾਂ ਵਿਚ ਉਕਾਈ ਹੋਵੇ, ਤਾਂ ਸਤਿਗੁਰੂ ਵੀ ਕੁਝ ਸੰਵਾਰ ਨਹੀਂ ਸਕਦਾ। ਜਿਹੜਾ ਮਨੁੱਖ ਹੰਕਾਰ ਵਿਚ ਅੰਨ੍ਹਾ ਹੋਇਆ ਰਹੇ, ਗੁਰੂ ਦੀ ਸਿੱਖਿਆ ਦੀ ਕੋਈ ਵੀ ਗੱਲ ਉਸ ਉੱਤੇ ਅਸਰ ਨਹੀਂ ਕਰ ਸਕਦੀ, ਜਿਵੇਂ ਫੂਕ ਮਾਰਿਆਂ ਬਾਂਸ ਦੀ ਬੰਸਰੀ ਤਾਂ ਵੱਜਣ ਲੱਗ ਪੈਂਦੀ ਹੈ, ਪਰ ਫੂਕ (ਹਵਾ) ਇਕ ਸਿਰੇ ਤੋਂ ਲੰਘ ਕੇ ਦੂਜੇ ਸਿਰੇ ਰਾਹੀਂ ਬਾਹਰ ਨਿਕਲ ਜਾਂਦੀ ਹੈ, ਤਿਵੇਂ ਹੰਕਾਰੀ ਮਨੁੱਖ ਦੇ ਇਕ ਕੰਨ ਤੋਂ ਦੂਜੇ ਕੰਨ ਰਾਹੀਂ ਗੁਰ-ਸਿੱਖਿਆ ਅਸਰ ਕਰਨ ਤੋਂ ਬਿਨਾਂ ਹੀ ਨਿਕਲ ਜਾਂਦੀ ਹੈ। ਉਂਝ ਉਹ ਭਾਵੇਂ ਚੁੰਚ-ਗਿਆਨੀ ਬਣ ਜਾਵੇ।]

## *10. ਮਾਇਆ :*

ਗੁਰੂ ਅਮਰਦਾਸ ਜੀ ਅਨੁਸਾਰ ਮਾਇਆ ਹਰ ਐਸੀ ਵਸਤੂ ਜਾਂ ਜੀਵ ਹੈ, ਜਿਸ ਨਾਲ ਪਿਆਰ ਪਾਉਣ ਕਰਕੇ ਪ੍ਰਭੂ ਵਿਸਰ ਜਾਵੇ, ਪ੍ਰਭੂ ਨਾਲੋਂ ਨਾਤਾ ਟੁੱਟ ਜਾਵੇ ਤੇ ਬਿਨਸਣਹਾਰ ਵਸਤਾਂ ਨਾਲ ਮੋਹ ਪੈਦਾ ਹੋ ਜਾਵੇ :

**ਏਹ ਮਾਇਆ, ਜਿਤੁ ਹਰਿ ਵਿਸਰੈ, ਮੋਹੁ ਉਪਜੈ, ਭਾਉ ਦੂਜਾ ਲਾਇਆ॥**

*(ਰਾਮਕਲੀ, ਮ: ੩, ਅਨੰਦੁ, ਪੰਨਾ ੯੨੧)*

ਸੋ ਮਾਇਆ ਇਕ ਛਲਾਵਾ ਹੈ, ਇਸਦਾ ਬਾਹਰੀ ਸਰੂਪ ਹੋਰ ਹੈ ਤੇ ਅਸਲੀਅਤ ਹੋਰ ਹੈ। ਕਬੀਰ ਜੀ ਅਨੁਸਾਰ ਮਾਇਆ ਸੋਹਣੀ ਤੇ ਮਨ-ਮੋਹਣੀ ਹੈ, ਆਪਣੇ ਮੋਹ-ਜਾਲ ਵਿਚ ਫਸਾ ਕੇ ਜੀਵ ਨੂੰ ਆਤਮਕ-ਮੌਤੇ ਮਾਰ ਦਿੰਦੀ ਹੈ, ਪ੍ਰਭੂ ਤੋਂ ਦੂਰ ਲੈ ਕੇ ਜਾਂਦੀ ਹੈ। ਇਹ ਇਕ ਐਸੀ ਪਤਨੀ ਹੈ ਜੋ ਆਪਣੇ ਪਤੀ-ਮਾਲਕ ਦੇ ਮਰਨ ਤੇ ਰੋਂਦੀ ਨਹੀਂ, ਸਗੋਂ ਕਿਸੇ ਹੋਰ ਨੂੰ ਮਾਲਕ ਬਣਾ ਲੈਂਦੀ ਹੈ। ਗੁਰਮੁਖਾਂ ਲਈ ਇਹ ਜ਼ਹਿਰ ਹੈ, ਪਰ ਸੰਸਾਰ ਇਸ ਨੂੰ ਪ੍ਰਾਪਤ ਕਰਕੇ ਬਹੁਤ ਖੁਸ਼ ਹੁੰਦਾ ਹੈ। ਇਹ ਤਾਂ ਇਕ ਸੱਪਣੀ ਹੈ, ਆਪਣਾ ਡੰਗ ਮਾਰਨ ਵਿਚ ਬਹੁਤ ਮਾਹਿਰ ਹੈ। ਇਸ ਤੋਂ ਤਾਂ ਬ੍ਰਹਮਾ, ਸ਼ਿਵ ਜੀ, ਵਿਸ਼ਨੂ ਆਦਿਕ ਕਹੇ ਜਾਂਦੇ ਦੇਵਤੇ ਵੀ ਨਹੀਂ ਬਚ ਸਕੇ। ਗੁਰੂ ਤੇ ਪ੍ਰਭੂ ਦੀ ਕਿਰਪਾ ਨਾਲ ਜਿਸ ਨੇ ਇਸ ਦੀ ਅਸਲੀਅਤ ਨੂੰ ਸਮਝ ਲਿਆ ਹੈ, ਉਹੀ ਇਸ ਤੋਂ ਬਚ ਸਕਿਆ ਹੈ। ਇਹ 'ਤੀਨ ਲੋਕ ਕੀ ਪਿਆਰੀ' ਗੁਰਮੁਖ ਜਨਾਂ ਨੇ 'ਕਾਟ ਕੂਟ ਕੇ ਡਾਰੀ' ਹੈ :

**ਜਲ ਮਹਿ ਮੀਨ ਮਾਇਆ ਕੇ ਬੇਧੇ॥**
**ਦੀਪਕ ਪਤੰਗ ਮਾਇਆ ਕੇ ਛੇਦੇ॥**

ਕਾਮ ਮਾਇਆ ਕੁੰਚਰ ਕਉ ਬਿਆਪੈ ॥
ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥ ੧ ॥
ਮਾਇਆ ਐਸੀ ਮੋਹਨੀ ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥ ੧ ॥ ਰਹਾਉ ॥
*(ਭੈਰਉ, ਕਬੀਰ ਜੀ, ਪੰਨਾ ੧੧੬੦)*

[**ਅਰਥ** : ਪਾਣੀ ਵਿਚ ਰਹਿਣ ਵਾਲੀਆਂ ਮੱਛੀਆਂ ਮਾਇਆ ਵਿਚ ਵਿੱਝੀਆਂ ਪਈਆਂ ਹਨ, ਦੀਵਿਆਂ ਉੱਤੇ ਸੜਨ ਵਾਲੇ ਭੰਬਟ ਮਾਇਆ ਵਿਚ ਪ੍ਰੋਤੇ ਹੋਏ ਹਨ। ਕਾਮ-ਵਾਸ਼ਨਾ ਰੂਪੀ ਮਾਇਆ ਹਾਥੀ ਉੱਤੇ ਦਬਾਅ ਪਾਉਂਦੀ ਹੈ, ਸੱਪ ਤੇ ਭੌਰੇ ਵੀ ਮਾਇਆ ਵਿਚ ਦੁਖੀ ਹੋ ਰਹੇ ਹਨ। ਮਾਇਆ ਇਤਨੀ ਬਲ ਵਾਲੀ ਤੇ ਮੋਹਣ ਵਾਲੀ ਹੈ ਕਿ ਜਿਤਨੇ ਵੀ ਜੀਵ ਜਗਤ ਵਿਚ ਹਨ, ਸਭ ਨੂੰ ਭੁਲਾਅ ਦਿੰਦੀ ਹੈ।]

ਇਨਿ੍ ਮਾਇਆ, ਜਗਦੀਸ ਗੁਸਾਈ, ਤੁਮ੍ਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ, ਜਨ ਕਹਾ ਕਰਹਿ ਬੇਚਾਰੇ ॥
*(ਬਿਲਾਵਲੁ, ਕਬੀਰ ਜੀ, ਪੰਨਾ ੮੫੭)*

[**ਅਰਥ** : ਹੇ ਜਗਤ ਦੇ ਮਾਲਕ ਪ੍ਰਭੂ! (ਤੇਰੀ ਪੈਦਾ ਕੀਤੀ ਹੋਈ) ਇਸ ਮਾਇਆ ਨੇ ਸਾਡੇ ਦਿਲਾਂ ਵਿਚੋਂ ਤੇਰੇ ਚਰਨਾਂ ਦੀ ਯਾਦ ਭੁਲਾ ਦਿੱਤੀ ਹੈ। ਜੀਵ ਵਿਚਾਰੇ ਕੀ ਕਰਨ? ਇਸ ਮਾਇਆ ਦੇ ਕਾਰਨ ਜੀਵਾਂ ਦੇ ਅੰਦਰ (ਤੇਰੇ ਚਰਨਾਂ ਦਾ) ਥੋੜ੍ਹਾ ਜਿਹਾ ਪਿਆਰ ਵੀ ਪੈਦਾ ਨਹੀਂ ਹੁੰਦਾ।]

ਖਸਮੁ ਮਰੈ ਤਉ ਨਾਰਿ ਨ ਰੋਵੈ ॥
ਉਸੁ ਰਖਵਾਰਾ ਅਉਰੋ ਹੋਵੈ ॥
ਰਖਵਾਰੇ ਕਾ ਹੋਇ ਬਿਨਾਸ ॥
ਆਗੈ ਨਰਕੁ, ਈਹਾ ਭੋਗ ਬਿਲਾਸ ॥ ੧ ॥
ਏਕ ਸੁਹਾਗਨਿ ਜਗਤ ਪਿਆਰੀ ॥
ਸਗਲੇ ਜੀਅ ਜੰਤ ਕੀ ਨਾਰੀ ॥ ੧ ॥ ਰਹਾਉ ॥
ਸੋਹਾਗਨਿ ਗਲਿ ਸੋਹੈ ਹਾਰੁ ॥
ਸੰਤ ਕਉ ਬਿਖੁ, ਬਿਗਸੈ ਸੰਸਾਰੁ ॥
ਕਰਿ ਸੀਗਾਰੁ ਬਹੈ ਪਖਿਆਰੀ ॥
ਸੰਤ ਕੀ ਠਿਠਕੀ ਫਿਰੈ ਬਿਚਾਰੀ ॥ ੨ ॥ *(ਗੋਂਡ, ਕਬੀਰ ਜੀ, ਪੰਨਾ ੮੭੧)*

[(ਮਾਇਆ ਨੂੰ ਪਤਨੀ ਬਣਾ ਕੇ ਰੱਖਣ ਵਾਲਾ) ਮਨੁੱਖ ਆਖਰ ਮਰ ਜਾਂਦਾ ਹੈ, ਪਰ ਇਹ ਮਾਇਆ ਰੂਪੀ ਪਤਨੀ ਉਸ ਦੇ ਮਰਨ ਤੇ ਰੋਂਦੀ ਵੀ ਨਹੀਂ, ਕਿਉਂਕਿ ਇਸ ਦਾ ਰਾਖਾ (ਖਸਮ-ਪਤੀ) ਕੋਈ ਹੋਰ ਬਣ ਜਾਂਦਾ ਹੈ। ਰਖਵਾਰਾ-ਮਾਲਕ ਤਾਂ ਮਰ ਜਾਂਦਾ ਹੈ; ਉਹ ਇਥੇ ਤਾਂ ਮਾਇਆ ਦੇ ਭੋਗਾਂ ਵਿਲਾਸਾਂ ਵਿਚ ਖਚਿਤ ਰਹਿੰਦਾ ਹੈ, ਪਰ ਅਗਾਂਹ ਆਪਣੇ ਲਈ ਨਰਕ ਸਹੇੜਦਾ ਹੈ।

ਇਹ ਐਸੀ ਸੁਹਾਗਣ ਪਤਨੀ ਹੈ ਕਿ ਜਿਸ ਨੂੰ ਸਾਰਾ ਜਗਤ ਪਿਆਰ ਕਰਦਾ ਹੈ,

ਸਾਰੇ ਜੀਅ-ਜੰਤ ਇਸ ਨੂੰ ਆਪਣੀ ਪਤਨੀ (ਨਾਰੀ) ਬਣਾ ਕੇ ਰੱਖਣਾ ਚਾਹੁੰਦੇ ਹਨ (ਭਾਵ ਆਪਣੇ ਵੱਸ ਵਿਚ ਰੱਖਣਾ ਚਾਹੁੰਦੇ ਹਨ)।

ਇਸ ਸੁਹਾਗਣ ਇਸਤਰੀ ਦੇ ਗਲ ਵਿਚ ਹਾਰ ਸ਼ੋਭਦਾ ਹੈ (ਭਾਵ—ਜੀਵਾਂ ਦੇ ਮਨ ਮੋਹਣ ਲਈ ਸਦਾ ਸੋਹਣੀ ਬਣੀ ਰਹਿੰਦੀ ਹੈ)। ਜਗਤ ਇਸ ਨੂੰ ਵੇਖ ਕੇ ਖ਼ੁਸ਼ ਹੁੰਦਾ ਹੈ, ਪਰ ਗੁਰਮੁਖ-ਜਨਾਂ ਨੂੰ ਇਹ ਜ਼ਹਿਰ ਵਾਂਗ ਦਿਸਦੀ ਹੈ। (ਵੇਸਵਾ ਵਾਂਗ) ਸਦਾ ਸ਼ਿੰਗਾਰ ਕਰੀ ਰੱਖਦੀ ਹੈ, ਪਰ ਭਗਤਾਂ ਦੀ ਫਿਟਕਾਰੀ ਹੋਈ, ਉਨ੍ਹਾਂ ਤੋਂ ਪਰ੍ਹੇ-ਪਰ੍ਹੇ (ਦੂਰ) ਹੀ ਫਿਰਦੀ ਹੈ।]

**ਨਾਕਹੁ ਕਾਟੀ, ਕਾਨਹੁ ਕਾਟੀ, ਕਾਟਿ ਕੂਟਿ ਕੈ ਡਾਰੀ॥**
**ਕਹੁ ਕਬੀਰ ਸੰਤਨ ਕੀ ਬੈਰਨਿ, ਤੀਨਿ ਲੋਕ ਕੀ ਪਿਆਰੀ॥ ੪॥**

*(ਆਸਾ, ਕਬੀਰ ਜੀ, ਪੰਨਾ ੪੭੬)*

[**ਅਰਥ** : ਹੇ ਕਬੀਰ! ਸੰਤ ਜਨਾਂ ਨੇ ਮਾਇਆ ਨੂੰ ਨੱਕ ਅਤੇ ਕੰਨ ਤੋਂ ਕੱਟ ਦਿੱਤਾ ਹੈ, ਚੰਗੀ ਤਰ੍ਹਾਂ ਕੱਟ ਕੇ ਪਰ੍ਹਾਂ ਸੁੱਟ ਦਿੱਤਾ ਹੈ। ਮਾਇਆ ਸੰਤਾਂ ਨਾਲ ਸਦਾ ਵੈਰ ਰੱਖਦੀ ਹੈ (ਕਿਉਂਕਿ ਉਨ੍ਹਾਂ ਦੇ ਆਤਮਕ ਜੀਵਨ ਉਤੇ ਚੋਟ ਕਰਨ ਦਾ ਸਦਾ ਯਤਨ ਕਰਦੀ ਹੈ), ਪਰ ਸਾਰੇ ਸੰਸਾਰ ਦੇ ਜੀਵ ਇਸ ਨਾਲ ਪਿਆਰ ਕਰਦੇ ਹਨ।]

**ਸਰਪਨੀ ਤੇ ਊਪਰਿ ਨਹੀ ਬਲੀਆ॥**
**ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥ ੧॥**
**ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥**
**ਜਿਨਿ ਤ੍ਰਿਭਵਣੁ ਡਸੀਅਲੇ, ਗੁਰ ਪ੍ਰਸਾਦਿ ਡੀਠੀ॥ ੧॥ ਰਹਾਉ॥**
**ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥**
**ਜਿਨਿ ਸਾਚੁ ਪਛਾਨਿਆ, ਤਿਨਿ ਸ੍ਰਪਨੀ ਖਾਈ॥ ੨॥**

*(ਆਸਾ, ਕਬੀਰ ਜੀ, ਪੰਨਾ ੪੮੦)*

[**ਅਰਥ** : ਇਸ ਮਾਇਆ ਤੋਂ ਵਧ ਕੇ ਕੋਈ ਵੀ ਬਲਵਾਨ ਨਹੀਂ ਹੈ, ਜਿਸ ਨੇ ਕਿ ਬ੍ਰਹਮਾ, ਵਿਸ਼ਨੂੰ ਤੇ ਸ਼ਿਵ (ਵਰਗੇ ਦੇਵਤੇ) ਛਲ ਲਏ ਹਨ। ਪਰ ਬੜੇ ਜ਼ੋਰਾਂ ਵਿਚ ਆਈ ਹੋਈ ਮਾਇਆ (ਮਾਰੋ ਮਾਰ ਕਰਦੀ) ਸਤਸੰਗਿ (ਨਿਰਮਲ ਜਲ) ਵਿਚ ਸ਼ਾਂਤ (ਭਾਵ-ਬੇਅਸਰ) ਹੋ ਜਾਂਦੀ ਹੈ। ਜਿਸ ਮਾਇਆ ਨੇ ਸਾਰੇ ਜਗਤ ਨੂੰ ਮੋਹ ਦਾ ਡੰਗ ਮਾਰਿਆ ਹੈ, ਗੁਰੂ ਦੀ ਕਿਰਪਾ ਨਾਲ ਉਸ ਦੀ ਅਸਲੀਅਤ ਦਿਸ ਪੈਂਦੀ ਹੈ। ਸੋ, ਹੇ ਭਾਈ! ਇਸ ਸਰਪਨੀ ਤੋਂ ਇਤਨਾ ਡਰਨ ਦੀ ਲੋੜ ਨਹੀਂ। ਜਿਸ ਮਨੁੱਖ ਨੇ ਹਮੇਸ਼ਾ ਕਾਇਮ ਰਹਿਣ ਵਾਲੇ ਪਰਮਾਤਮਾ ਨਾਲ ਜਾਣ-ਪਛਾਣ ਬਣਾ ਲਈ ਹੈ, ਉਸ ਨੇ ਇਸ ਮਾਇਆ ਨੂੰ ਵੱਸ ਵਿਚ ਕਰ ਲਿਆ ਹੈ।]

## *11. ਵਿਸ਼ੇ ਵਿਕਾਰ :*

ਪੰਜ ਵਿਕਾਰ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ—ਮਾਇਆ ਦੇ ਪੰਜ—ਹਥਿਆਰ ਹਨ। ਮਾਇਆ ਇਨ੍ਹਾਂ ਰਾਹੀਂ ਮਨੁੱਖ ਦੇ ਧਾਰਮਿਕ ਤੇ ਸਦਾਚਾਰਕ ਜੀਵਨ ਨੂੰ ਤਬਾਹ ਕਰ ਕੇ

ਰੱਖ ਦਿੰਦੀ ਹੈ; ਮਨੁੱਖ ਦੇ ਮਨ ਵਿਚ ਪ੍ਰਭੂ-ਪ੍ਰੀਤ ਪੈਦਾ ਹੋਣ ਨਹੀਂ ਦਿੰਦੀ। ਇਸ ਲਈ ਕਬੀਰ ਜੀ ਇਨ੍ਹਾਂ ਨੂੰ ਤਿਆਗਣ ਦਾ ਉਪਦੇਸ਼ ਦਿੰਦੇ ਹਨ :

**ਰੇ ਜਨ, ਮਨੁ ਮਾਧਉ ਸਿਉ ਲਾਈਐ॥**
**ਚਤੁਰਾਈ ਨ ਚਤੁਰਭੁਜੁ ਪਾਈਐ॥ ੧॥ ਰਹਾਉ॥**
**ਪਰਹਰੁ ਲੋਭੁ ਅਰੁ ਲੋਕਾਚਾਰੁ॥**
**ਪਰਹਰੁ ਕਾਮੁ ਕ੍ਰੋਧੁ ਅਹੰਕਾਰੁ॥** *(ਗਉੜੀ, ਕਬੀਰ ਜੀ, ਪੰਨਾ ੩੨੪)*

[**ਪਦ ਅਰਥ : ਮਾਧਉ**—ਮਾਇਆ ਦਾ ਪਤੀ ਪ੍ਰਭੂ। **ਚਤੁਰਾਈ**—ਸਿਆਣਪਾਂ ਨਾਲ। **ਚਤੁਰਭੁਜ**—ਪਰਮਾਤਮਾ। **ਪਰਹਰੁ**—ਤਿਆਗ ਦੇ, ਛੱਡ ਦੇ। **ਲੋਕਾਚਾਰੁ**—ਲੋਕਾਂ ਦਾ ਵਿਖਾਉਣ ਵਾਲਾ ਕੰਮ, ਵਿਖਾਵਾ, ਲੋਕਾਂ ਨੂੰ ਖੁਸ਼ ਕਰਨਾ।]

### *12. ਕਰਮ-ਕਾਂਡ :*

ਪੁਜਾਰੀ ਵਰਗ ਵਲੋਂ ਅੰਧ ਵਿਸ਼ਵਾਸਾਂ ਦਾ ਪ੍ਰਚਾਰ ਕਰ ਕੇ, ਧਰਮ ਦੇ ਨਾਮ ਉੱਤੇ, ਪ੍ਰਭੂ ਜਾਂ ਮੁਕਤੀ ਦੀ ਪ੍ਰਾਪਤੀ ਲਈ ਕੁਝ ਅਜਿਹੇ ਕੰਮ ਕੀਤੇ ਜਾਂਦੇ ਸਨ, ਜਿਨ੍ਹਾਂ ਨਾਲ ਪੁਜਾਰੀਆਂ ਲਈ ਸੁਖ-ਸਾਧਨ ਪੈਦਾ ਕੀਤੇ ਜਾਂਦੇ ਸਨ, ਉਂਝ ਇਹ ਕਰਮ ਮਨੁੱਖ ਦਾ ਕੋਈ ਭਲਾ ਨਹੀਂ ਸਨ ਕਰਦੇ। ਵੇਦਾਂ ਵਿਚ ਅਜਿਹੇ ਕਰਮਾਂ ਦੀਆਂ ਵਿਧੀਆਂ ਲਈ ਵਿਸ਼ੇਸ਼ ਭਾਗ/ਹਿੱਸੇ (ਕਾਂਡ) ਲਿਖੇ ਹੋਏ ਸਨ। ਇਨ੍ਹਾਂ ਨੂੰ ਕਰਮ-ਕਾਂਡ ਕਿਹਾ ਜਾਂਦਾ ਸੀ। ਮਗਰੋਂ 'ਕਰਮ ਕਾਂਡ' ਅਜਿਹੇ ਕਥਿਤ ਧਰਮ-ਕਰਮਾਂ ਨੂੰ ਕਿਹਾ ਜਾਣ ਲੱਗ ਪਿਆ। ਕੁਝ ਕਰਮ-ਕਾਂਡ ਹਨ—ਧਾਰਮਿਕ ਪੁਸਤਕਾਂ ਦੇ ਨਿਰੇ ਪਾਠ, ਤੀਰਥ ਯਾਤਰਾ ਤੇ ਤੀਰਥ ਇਸ਼ਨਾਨ, ਨਿਰ-ਵਸਤਰ ਰਹਿਣਾ, ਵਰਤ ਰੱਖਣੇ, ਮੂਰਤੀ ਪੂਜਾ, ਦੇਵ-ਪੂਜਾ, ਜਪ-ਤਪ, ਭੇਖ ਧਾਰਨ ਕਰਨੇ, ਪੁਜਾਰੀਆਂ ਨੂੰ ਦਾਨ ਦੇਣਾ...ਆਦਿ। ਭਗਤ ਕਬੀਰ ਜੀ ਨੇ ਅਜਿਹੇ ਕਰਮ-ਕਾਂਡਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਖੰਡਨ ਕੀਤਾ ਹੈ, ਇਨ੍ਹਾਂ ਨੂੰ ਨਿਰਾਰਥਕ ਜਾਂ ਫੋਕਟ ਕਰਮ ਦੱਸਿਆ ਹੈ। ਇਨ੍ਹਾਂ ਨੂੰ ਕਰਨ ਨਾਲ ਮਨੁੱਖ ਦਾ ਜਨਮ ਵਿਅਰਥ ਚਲਾ ਜਾਂਦਾ ਹੈ, ਇਸ ਲਈ ਕੇਵਲ ਪ੍ਰਭੂ ਦੀ ਸਿਫ਼ਤ-ਸਾਲਾਹ ਹੀ ਕਰਨੀ ਚਾਹੀਦੀ ਹੈ।

#### *(ੳ) ਵਰਤ :*

**ਛੋਡਹਿ ਅੰਨੁ, ਕਰਹਿ ਪਾਖੰਡ॥**
**ਨਾ ਸੋਹਾਗਨਿ ਨਾ ਓਹਿ ਰੰਡ॥**
**ਜਗ ਮਹਿ ਬਕਤੇ ਦੂਧਾਧਾਰੀ॥**
**ਗੁਪਤੀ ਖਾਵਹਿ ਵਟਿਕਾ ਸਾਰੀ॥ ੩॥**
**ਅੰਨੈ ਬਿਨਾ ਨ ਹੋਇ ਸੁਕਾਲੁ॥**
**ਤਜਿਐ ਅੰਨਿ ਨ ਮਿਲੈ ਗੁਪਾਲੁ॥**
**ਕਹੁ ਕਬੀਰ ਹਮ ਐਸੇ ਜਾਨਿਆ॥**
**ਧੰਨੁ ਅਨਾਦਿ ਠਾਕੁਰ ਮਨੁ ਮਾਨਿਆ॥ ੪॥**

*(ਗੋਂਡ, ਕਬੀਰ ਜੀ, ਪੰਨਾ ੮੭੩)*

[**ਅਰਥ** : ਜਿਹੜੇ ਲੋਕ ਅੰਨ ਛੱਡ ਦਿੰਦੇ ਹਨ ਤੇ ਇਹ ਪਖੰਡ ਕਰਦੇ ਹਨ, ਉਹ ਉਨ੍ਹਾਂ ਕੁਚੱਜੀਆਂ ਇਸਤਰੀਆਂ ਵਾਂਗ ਹਨ ਜੋ ਨਾ ਸੁਹਾਗਣਾਂ ਹਨ ਤੇ ਨਾ ਹੀ ਰੰਡੀਆਂ (ਵਿਧਵਾ)। ਅੰਨ ਛੱਡਣ ਦਾ ਵਿਖਾਵਾ ਕਰਨ ਵਾਲੇ ਲੋਕਾਂ ਵਿਚ ਆਖਦੇ ਫਿਰਦੇ ਹਨ, ਅਸੀਂ ਕੇਵਲ ਦੁੱਧ ਪੀ ਕੇ ਹੀ ਗੁਜ਼ਾਰਾ ਕਰਦੇ ਹਾਂ, ਪਰ ਚੋਰੀ-ਚੋਰੀ ਸਾਰੀ ਦੀ ਸਾਰੀ ਪਿੰਨੀ (ਵਟਿਕਾ) ਖਾਂਦੇ ਹਨ।

ਅੰਨ ਤੋਂ ਬਿਨਾਂ ਸਮਾਂ ਚੰਗਾ ਨਹੀਂ ਬੀਤਦਾ, ਅੰਨ ਤਿਆਗਣ ਨਾਲ ਪਰਮਾਤਮਾ ਨਹੀਂ ਮਿਲਦਾ।

ਹੇ ਕਬੀਰ! ਸਾਨੂੰ ਇਹ ਨਿਸਚਾ ਹੋ ਗਿਆ ਹੈ ਕਿ ਅੰਨ ਬੜਾ ਸੁੰਦਰ ਪਦਾਰਥ ਹੈ, ਜਿਸ ਨੂੰ ਖਾਧਿਆਂ (ਸਿਮਰਨ ਕਰਕੇ) ਸਾਡਾ ਮਨ ਪਰਮਾਤਮਾ ਨਾਲ ਜੁੜਦਾ ਹੈ।]

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ, ਅਹੋਈ ਰਾਖੈ ਨਾਰਿ ॥**
**ਗਦਹੀ ਹੋਇ ਕੈ ਅਉਤਰੈ, ਭਾਰੁ ਸਹੈ ਮਨ ਚਾਰਿ ॥ ੧੦੮ ॥** *(ਪੰਨਾ ੧੩੭੦)*

[**ਅਰਥ** : ਹੇ ਕਬੀਰ! ਪ੍ਰਭੂ ਦੀ ਸਿਫ਼ਤ-ਸਾਲਾਹ ਕਰਨ ਦੀ ਥਾਂ, ਜਿਹੜੀ ਇਸਤਰੀ ਸੀਤਲਾ ਦੇਵੀ (ਅਹੋਈ) ਦੀ ਪੂਜਾ ਦਾ ਵਰਤ ਰੱਖਦੀ ਹੈ, ਉਹ ਇਸਤਰੀ ਖੋਤੇ ਦੀ ਜੂਨ ਵਿਚ ਪੈਂਦੀ ਹੈ ਤੇ ਖੋਤਿਆਂ ਦੀ ਤਰ੍ਹਾਂ ਚਾਰ-ਮਣ ਭਾਰ ਢੋਂਦੀ ਹੈ।]

### *(ਅ) ਤੀਰਥ ਇਸ਼ਨਾਨ :*

**ਅੰਤਰਿ ਮੈਲੁ ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ ॥**
**ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮੁ ਅਯਾਨਾ ॥ ੧ ॥**
**ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥ ੧ ॥ ਰਹਾਉ ॥**
**ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ॥**
**ਜੈਸੇ ਮੇਂਡੁਕ ਤੈਸੇ ਓਇ ਨਰ, ਫਿਰਿ ਫਿਰਿ ਜੋਨੀ ਆਵਹਿ ॥ ੨ ॥**
**ਮਨਹੁ ਕਠੋਰੁ ਮਰੈ ਬਾਨਾਰਸਿ, ਨਰਕੁ ਨ ਬਾਂਚਿਆ ਜਾਈ ॥**
**ਹਰਿ ਕਾ ਸੰਤੁ ਮਰੈ ਹਾੜੰਬੈ, ਤ ਸਗਲੀ ਸੈਨ ਤਰਾਈ ॥**

*(ਆਸਾ, ਕਬੀਰ ਜੀ, ਪੰਨਾ ੪੮੪)*

[**ਅਰਥ** : ਜੇ ਮਨ ਵਿਚ ਵਿਕਾਰਾਂ ਦੀ ਮੈਲ ਟਿਕੀ ਰਹੇ ਤੇ ਮਨੁੱਖ ਤੀਰਥਾਂ ਉੱਤੇ ਨਹਾਉਂਦਾ ਫਿਰੇ, ਤਾਂ ਉਸ ਨੇ ਸਵਰਗ ਵਿਚ ਨਹੀਂ ਅੱਪੜਨਾ। (ਤੀਰਥ ਨਹਾਉਣ ਵਾਲੇ ਨੂੰ ਲੋਕ ਭਗਤ ਤਾਂ ਆਖਦੇ ਹਨ, ਪਰ) ਲੋਕਾਂ ਨੂੰ ਖੁਸ਼ ਕਰਨ ਦਾ ਕੋਈ ਲਾਭ ਨਹੀਂ, ਕਿਉਂਕਿ ਪਰਮਾਤਮਾ ਜੋ ਸਭ ਦੇ ਦਿਲਾਂ ਦੀ ਜਾਣਦਾ ਹੈ ਕੋਈ ਇਆਣਾ (ਬਾਲਕ) ਨਹੀਂ।

ਗੁਰੂ ਦੇ ਦੱਸੇ ਰਾਹ ਉਤੇ ਤੁਰਨਾ ਹੀ ਅਸਲ ਤੀਰਥ-ਇਸ਼ਨਾਨ ਹੈ। ਸੋ, ਇਕ ਪਰਮਾਤਮਾ-ਦੇਵ ਦਾ ਸਿਮਰਨ ਕਰੋ।

ਪਾਣੀ ਵਿਚ ਚੁੱਭੀ ਲਾਇਆਂ ਜੇ ਮੁਕਤੀ ਮਿਲ ਸਕਦੀ ਹੋਵੇ, ਤਾਂ ਡੱਡੂ ਸਦਾ ਹੀ ਨਹਾਉਂਦੇ ਹਨ। ਜਿਵੇਂ ਉਹ ਡੱਡੂ ਤਿਵੇਂ ਉਹ (ਤੀਰਥ-ਇਸ਼ਨਾਨੀ) ਮਨੁੱਖ ਸਮਝੋ, ਜੋ ਸਦਾ ਜੰਮਣ-ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ। ਜੇ ਕੋਈ ਮਨੁੱਖ ਕਾਂਸ਼ੀ/ਬਨਾਰਸ ਨਾਮ

ਦੇ ਤੀਰਥ ਤੇ ਸਰੀਰ ਤਿਆਗੇ, ਪਰ ਮਨੋਂ ਕਠੋਰ (ਕੁਰਖਤ) ਹੋਵੇ ਤਾਂ ਉਸ ਦਾ ਨਰਕ (ਆਵਾਗਵਨ) ਵਿਚ ਪੈਣਾ ਛੁੱਟ ਨਹੀਂ ਸਕਦਾ। ਦੂਜੇ ਪਾਸੇ, ਪਰਮਾਤਮਾ ਦਾ ਭਗਤ ਜੇ ਮਗਹਰ ਦੀ (ਕਥਿਤ ਤੌਰ ਤੇ ਸਰਾਪੀ ਹੋਈ) ਧਰਤੀ 'ਤੇ ਜਾ ਕੇ ਮਰੇ, ਤਾਂ ਉਹ ਸਗੋਂ (ਆਪਣੇ ਨਾਲ) ਹੋਰ ਸਾਰੇ ਲੋਕਾਂ ਨੂੰ ਵੀ ਤਾਰ ਲੈਂਦਾ ਹੈ।]

**ਕਬੀਰ ਗੰਗਾ ਤੀਰ ਜੁ ਘਰੁ ਕਰਹਿ, ਪੀਵਹਿ ਨਿਰਮਲ ਨੀਰੁ ॥**
**ਬਿਨੁ ਹਰਿ ਭਗਤਿ ਨ ਮੁਕਤਿ ਹੋਇ, ਇਉ ਕਹਿ ਰਮੇ ਕਬੀਰ ॥ ੫੪ ॥**

*(ਪੰਨਾ ੧੩੬੭)*

[**ਅਰਥ** : ਹੇ ਕਬੀਰ! ਜੇ ਤੂੰ ਗੰਗਾ ਨਦੀ ਦੇ ਕੰਢੇ ਉੱਤੇ ਰਹਿਣ ਲਈ ਘਰ ਬਣਾ ਲਵੇਂ ਤੇ ਗੰਗਾ ਦਾ ਸਾਫ ਪਾਣੀ ਪੀਂਦਾ ਰਹੇਂ, (ਇਸ ਦਾ ਕੋਈ ਲਾਭ ਨਹੀਂ, ਕਿਉਂਕਿ) ਪਰਮਾਤਮਾ ਦੀ ਭਗਤੀ ਕਰਨ ਤੋਂ ਬਿਨਾਂ, ਵਿਕਾਰਾਂ ਤੋਂ ਮੁਕਤੀ ਨਹੀਂ ਹੋ ਸਕਦੀ। ਕਬੀਰ ਤਾਂ ਇਹ ਗੱਲ ਦੱਸ ਕੇ, ਪਰਮਾਤਮਾ ਦਾ ਨਾਮ ਸਿਮਰਦਾ ਹੈ।]

### *(ੲ) ਜਪ-ਤਪ :*

ਪੁਰਾਣੇ ਭਾਰਤ ਵਿਚ ਮੰਤਰਾਂ ਦੇ ਜਾਪ ਕਰਨ ਨੂੰ, ਜਾਂ ਮਨ ਨੂੰ ਸਾਧਣ ਲਈ ਸਰੀਰ ਨੂੰ ਅਨੇਕਾਂ ਕਸ਼ਟਾਂ (ਤਪਾਂ) ਨੂੰ ਪ੍ਰਭੂ-ਪ੍ਰਾਪਤੀ ਦੇ ਸਾਧਨ ਮੰਨਿਆ ਜਾਂਦਾ ਸੀ। ਪਰ ਇਸ ਤਰ੍ਹਾਂ ਕਰਨ ਨਾਲ ਕੋਈ ਪ੍ਰਾਪਤੀ ਨਹੀਂ ਹੁੰਦੀ :

**ਕਿਆ ਜਪੁ, ਕਿਆ ਤਪੁ, ਕਿਆ ਬ੍ਰਤ ਪੂਜਾ ॥**
**ਜਾ ਕੈ ਰਿਦੈ ਭਾਉ ਹੈ ਦੂਜਾ ॥** *(ਪੰਨਾ ੩੨੪)*

[**ਅਰਥ** : ਜਿਸ ਮਨੁੱਖ ਦੇ ਹਿਰਦੇ ਵਿਚ ਵਾਹਿਗੁਰੂ ਤੋਂ ਬਿਨਾਂ ਕਿਸੇ ਹੋਰ ਦਾ ਪਿਆਰ ਹੈ, ਉਸ ਦੇ ਜਪ ਕਰਨ ਦਾ ਕੀ ਲਾਭ? ਉਸ ਦੇ ਤਪ ਕਰਨ ਦਾ ਕੀ ਲਾਭ? ਉਸ ਦੇ ਵਰਤ ਰੱਖਣ ਤੇ ਪੂਜਾ ਕਰਨ ਦਾ ਕੋਈ ਲਾਭ ਨਹੀਂ।]

ਅਸਲ ਗੱਲ ਇਹ ਹੈ ਕਿ ਜਪੁ, ਤਪੁ, ਵਰਤ, ਪ੍ਰਭੂ ਤੋਂ ਬਿਨਾਂ ਹੋਰਨਾਂ ਨਾਲ ਪਿਆਰ, ਧਰਮ ਦੇ ਮਾਰਗ ਵਿਚਲੇ ਰੋੜੇ ਹਨ। ਇਹ ਜੀਵ ਨੂੰ ਪ੍ਰਭੂ ਤੋਂ ਦੂਰ ਲੈ ਕੇ ਜਾਂਦੇ ਹਨ :

**ਕਿਆ ਜਪੁ, ਕਿਆ ਤਪੁ ਸੰਜਮੋ, ਕਿਆ ਬਰਤੁ, ਕਿਆ ਇਸਨਾਨੁ ॥**
**ਜਬ ਲਗੁ ਜੁਗਤਿ ਨ ਜਾਨੀਐ, ਭਾਉ ਭਗਤਿ ਭਗਵਾਨ ॥** *(ਪੰਨਾ ੩੩੭)*

[**ਅਰਥ** : ਜਦ ਤਕ ਅਕਾਲ ਪੁਰਖ ਨਾਲ ਪਿਆਰ ਕਰਨ ਤੇ ਉਸਦੀ ਭਗਤੀ ਕਰਨ ਦੀ ਜਾਚ ਨਹੀਂ ਆਈ (ਭਾਵ : ਜਦ ਤਕ ਇਹ ਸਮਝ ਨਹੀਂ ਪਈ ਕਿ ਪਰਮਾਤਮਾ ਨਾਲ ਪਿਆਰ ਕਰਨਾ ਹੀ, ਪਰਮਾਤਮਾ ਦੀ ਭਗਤੀ ਕਰਨਾ ਹੀ ਜੀਵਨ ਦੀ ਅਸਲ ਜੁਗਤੀ ਹੈ), ਜਪੁ, ਤਪ, ਸੰਜਮ, ਵਰਤ, ਇਸ਼ਨਾਨ—ਇਨ੍ਹਾਂ ਦਾ ਕੋਈ ਲਾਭ ਨਹੀਂ।]

### *(ਸ) ਮੂਰਤੀ ਪੂਜਾ/ਪੱਥਰ ਪੂਜਾ :*

**ਕਬੀਰ ਠਾਕੁਰੁ ਪੂਜਹਿ ਮੋਲਿ ਲੇ, ਮਨਹਠਿ ਤੀਰਥ ਜਾਹਿ ॥**
**ਦੇਖਾ ਦੇਖੀ ਸ੍ਵਾਂਗੁ ਧਰਿ, ਭੂਲੇ ਭਟਕਾ ਖਾਹਿ ॥ ੧੩੫ ॥**

**ਕਬੀਰ ਪਾਹਨੁ ਪਰਮੇਸੁਰੁ ਕੀਆ, ਪੂਜੈ ਸਭੁ ਸੰਸਾਰੁ ॥**
**ਇਸ ਭਰਵਾਸੇ ਜੋ ਰਹੇ, ਬੂਡੇ ਕਾਲੀ ਧਾਰ ॥ ੧੩੬ ॥** *(ਪੰਨਾ ੧੩੭੧)*

[**ਅਰਥ :** ਹੇ ਕਬੀਰ! ਜਿਹੜੇ ਲੋਕ ਠਾਕੁਰ ਦੀ ਮੂਰਤੀ ਮੁੱਲ ਲੈ ਕੇ ਉਸ ਦੀ ਪੂਜਾ ਕਰਦੇ ਹਨ ਅਤੇ ਮਨ ਦੇ ਹੱਠ ਨਾਲ ਤੀਰਥਾਂ ਤੇ ਜਾਂਦੇ ਹਨ, (ਅਸਲ ਵਿਚ ਉਹ ਲੋਕ) ਇਕ ਦੂਜੇ ਨੂੰ ਵੇਖ ਕੇ ਸਾਂਗ ਬਣਾਈ ਜਾਂਦੇ ਹਨ (ਭਾਵੇਂ ਕੋਈ ਪ੍ਰਾਪਤੀ ਨਹੀਂ ਹੁੰਦੀ)। ਜੀਵਨ ਦੇ ਸਹੀ ਰਾਹ ਤੋਂ ਖੁੰਝੇ ਹੋਏ ਇਹ ਲੋਕ ਭਟਕਦੇ ਹਨ।]

ਹੇ ਕਬੀਰ! (ਬ੍ਰਾਹਮਣਾਂ ਦੇ ਪਿੱਛੇ ਲੱਗ ਕੇ) ਸਾਰਾ (ਹਿੰਦੂ) ਜਗਤ ਪੱਥਰ ਦੀ ਮੂਰਤੀ ਨੂੰ ਪਰਮਾਤਮਾ ਸਮਝ ਕੇ ਉਸ ਦੀ ਪੂਜਾ ਕਰ ਰਿਹਾ ਹੈ। ਜਿਨ੍ਹਾਂ ਮਨੁੱਖਾਂ ਦਾ ਇਹ ਵਿਸ਼ਵਾਸ ਬਣਿਆ ਹੋਇਆ ਹੈ ਕਿ ਪੱਥਰ ਨੂੰ ਪੂਜ ਕੇ ਉਹ ਪਰਮਾਤਮਾ ਦੀ ਭਗਤੀ ਕਰ ਰਹੇ ਹਨ, ਉਹ ਡੂੰਘੇ ਪਾਣੀ ਵਿਚ ਡੁੱਬੇ ਸਮਝੋ (ਭਾਵ ਉਨ੍ਹਾਂ ਦਾ ਜੀਵਨ ਵਿਅਰਥ ਗਿਆ)।]

**ਪਾਖਾਨ ਗਢਿ ਕੈ ਮੂਰਤਿ ਕੀਨ੍ਹੀ, ਦੇ ਕੈ ਛਾਤੀ ਪਾਉ ॥**
**ਜੇ ਏਹ ਮੂਰਤਿ ਸਾਚੀ ਹੈ, ਤਉ ਗੜ੍ਹਣਹਾਰੇ ਖਾਉ ॥ ੩ ॥**
**ਭਾਤੁ ਪਹਿਤਿ ਅਰੁ ਲਾਪਸੀ, ਕਰਕਰਾ ਕਾਸਾਰੁ ॥**
**ਭੋਗਨਹਾਰੇ ਭੋਗਿਆ, ਇਸੁ ਮੂਰਤਿ ਕੇ ਮੁਖ ਛਾਰੁ ॥ ੪ ॥**

*(ਆਸਾ, ਕਬੀਰ ਜੀ, ਪੰਨਾ ੪੭੯)*

[**ਪਦ ਅਰਥ : ਪਾਖਾਨ**—ਪੱਥਰ। **ਗਢਿ ਕੈ**—ਘੜ ਕੇ। **ਪਾਉ**—ਪੈਰ। **ਭਾਤੁ**—ਚੌਲ। **ਪਹਿਤਿ**—ਦਾਲ। **ਲਾਪਸੀ**—ਲੱਪੀ, ਪਤਲਾ ਕੜਾਹ। **ਕਰਕਰਾ ਕਾਸਾਰੁ**—ਖ਼ਸਤਾ ਪੰਜੀਰੀ। **ਛਾਰੁ**—ਸੁਆਹ।]

[**ਅਰਥ :** ਮੂਰਤੀ ਘੜਨ ਵਾਲੇ ਨੇ ਪੱਥਰ ਘੜ ਕੇ, ਤੇ ਉਸ ਸਮੇਂ ਮੂਰਤੀ ਦੀ ਛਾਤੀ ਉੱਤੇ ਪੈਰ ਰੱਖ ਕੇ ਮੂਰਤੀ ਤਿਆਰ ਕੀਤੀ ਹੈ। ਜੇ ਇਹ ਮੂਰਤੀ ਹੀ ਅਸਲੀ ਦੇਵਤਾ ਹੈ ਤਾਂ (ਇਸ ਨਿਰਾਦਰੀ ਦੇ ਕਾਰਨ) ਘੜਨ ਵਾਲੇ ਨੂੰ ਹੀ ਖਾ ਜਾਂਦੀ। ੩।

ਭੱਤ (ਚੌਲ), ਦਾਲ, ਪਤਲਾ ਕੜਾਹ ਅਤੇ ਖਸਤਾ ਪੰਜੀਰੀ ਤਾਂ ਛਕਣ ਵਾਲਾ (ਪੁਜਾਰੀ) ਹੀ ਛਕ ਜਾਂਦਾ ਹੈ, ਇਸ ਮੂਰਤੀ ਦੇ ਮੂੰਹ ਵਿਚ ਤਾਂ ਕੁਝ ਵੀ ਨਹੀਂ ਪੈਂਦਾ, (ਕਿਉਂਕਿ ਨਿਰਜਿੰਦ ਹੋਣ ਕਾਰਨ ਇਹ ਕੁਝ ਵੀ ਖਾ ਨਹੀਂ ਸਕਦੀ)। ਇਸ ਤੋਂ ਸਪੱਸ਼ਟ ਹੈ ਕਿ ਮੂਰਤੀ-ਪੂਜਾ ਇਕ ਵਿਅਰਥ ਕੰਮ ਹੈ।]

### *(ਹ) ਧਾਰਮਿਕ ਭੇਖ :*

ਵੱਖ-ਵੱਖ ਧਰਮਾਂ ਜਾਂ ਧਾਰਮਿਕ-ਵਰਗਾਂ ਨੇ ਆਪਣੀ ਵੱਖਰੀ ਪਛਾਣ ਕਾਇਮ ਰੱਖਣ ਲਈ ਵੱਖਰੇ-ਵੱਖਰੇ ਚਿੰਨ੍ਹ ਧਾਰਨ ਕਰਨ, ਸਰੀਰ ਤੇ ਚਿੰਨ੍ਹ ਛਪਵਾਉਣ, ਵੱਖ -ਵੱਖ ਤਰ੍ਹਾਂ ਦੇ ਕੱਪੜੇ (ਲਿਬਾਸ) ਪਾਉਣ, ਆਦਿਕ ਦੀਆਂ ਮਰਯਾਦਾਵਾਂ ਤੋਰੀਆਂ ਹੋਈਆਂ ਹਨ। ਉਂਝ ਸਮਾਜ ਵਿਚ ਪੰਡਿਤ, ਮੁੱਲਾਂ, ਯੋਗੀਆਂ, ਸੂਫੀ-ਸੰਤਾਂ, ਸਾਧਾਂ-ਭਗਤਾਂ ਆਦਿ ਦਾ ਲਿਬਾਸ ਆਮ ਸੰਸਾਰੀਆਂ ਨਾਲੋਂ ਵੱਖਰਾ ਰਿਹਾ ਹੈ। ਸਮਾਂ ਪਾ ਕੇ ਸਾਧਾਂ, ਭਗਤਾਂ, ਗੁਰਮੁਖਾਂ ਆਦਿ ਅੰਦਰੋਂ ਧਾਰਮਿਕ, ਦੇਵੀ ਤੇ ਨੈਤਿਕ ਗੁਣ ਘਟਦੇ ਜਾਂ ਖ਼ਤਮ ਹੁੰਦੇ ਰਹੇ ਹਨ, ਪਰ ਬਾਹਰੀ

ਸਰੂਪ (ਪਹਿਰਾਵਾ ਤੇ ਚਿੰਨ੍ਹ ਆਦਿ) ਕਾਇਮ ਰਿਹਾ ਹੈ। ਐਸੇ ਬਾਹਰੀ ਸਰੂਪ ਨੂੰ ਹੀ 'ਭੇਖ' ਦਾ ਨਾਮ ਦਿੱਤਾ ਗਿਆ ਹੈ। ਬਾਹਰੀ ਭੇਖ ਦਾ ਆਮ ਲੋਕਾਂ ਤੇ ਪ੍ਰਭਾਵ ਵੀ ਬਹੁਤ ਰਿਹਾ ਹੈ, ਤੇ ਅੱਜ ਵੀ ਹੈ। ਲੋਕ ਤਾਂ ਭੇਖ ਨੂੰ ਹੀ ਪੂਜਣ ਲੱਗ ਪੈਂਦੇ ਹਨ। ਕਬੀਰ ਸਾਹਿਬ ਨੇ ਭੇਖਾਂ ਅਤੇ ਭੇਖਧਾਰੀਆਂ ਦੀ ਖੁੱਲ੍ਹ ਕੇ ਵਿਰੋਧਤਾ ਕੀਤੀ ਹੈ :

**ਨਗਨ ਫਿਰਤ ਜੌ ਪਾਈਐ ਜੋਗੁ ॥**
**ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥ ੧ ॥**
**ਕਿਆ ਨਾਗੇ ਕਿਆ ਬਾਧੇ ਚਾਮ ॥**
**ਜਬ ਨਹੀ ਚੀਨਸਿ ਆਤਮ ਰਾਮ ॥ ੧ ॥ ਰਹਾਉ ॥**
**ਮੂਡ ਮੂੰਡਾਏ ਜੌ ਸਿਧਿ ਪਾਈ ॥**
**ਮੁਕਤੀ ਭੇਡ ਨ ਗਈਆ ਕਾਈ ॥ ੨ ॥**
**ਬਿੰਦੁ ਰਾਖਿ ਜੌ ਤਰੀਐ ਭਾਈ ॥**
**ਖੁਸਰੈ ਕਿਉ ਨ ਪਰਮ ਗਤਿ ਪਾਈ ॥ ੩ ॥**
**ਕਹੁ ਕਬੀਰ ਸੁਨਹੁ ਨਰ ਭਾਈ ॥**
**ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥ ੪ ॥**

*(ਗਉੜੀ, ਕਬੀਰ ਜੀ, ਪੰਨਾ ੩੨੪)*

[**ਅਰਥ :** ਜੇ (ਜੈਨੀ ਸਾਧਾਂ ਦੀ ਤਰ੍ਹਾਂ) ਨੰਗੇ ਫਿਰਨ ਨਾਲ ਪਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ, ਤਾਂ ਜੰਗਲ ਦਾ ਹਰੇਕ ਪਸ਼ੂ ਮੁਕਤ ਹੋ ਜਾਣਾ ਚਾਹੀਦਾ ਹੈ। ਅਸਲ ਵਿਚ ਜਦ ਤਕ ਪਰਮਾਤਮਾ ਨੂੰ ਸਮਝਿਆ ਨਹੀਂ ਜਾਂਦਾ, ਤਦ ਤਕ ਨੰਗੇ ਰਹਿਣ ਜਾਂ ਸਰੀਰ ਤੇ ਚੰਮ ਲਪੇਟਣ ਦਾ ਕੀ ਲਾਭ ? ਜੇ ਸਿਰ (ਰੋਡ-ਮੋਡ ਸਾਧਾਂ ਦੀ ਤਰ੍ਹਾਂ) ਮੁਨਾਉਣ ਨਾਲ ਸਿੱਧੀ (ਸਫ਼ਲਤਾ) ਮਿਲ ਸਕਦੀ ਹੈ, ਤਾਂ ਹੁਣ ਤੱਕ ਕੋਈ ਵੀ ਭੇਡ ਮੁਕਤ ਕਿਉਂ ਨਹੀਂ ਹੋਈ ? ਜੇ ਬਾਲ-ਜਤੀ ਰਿਹਾਂ ਸੰਸਾਰ-ਸਾਗਰ ਨੂੰ ਤਰਿਆ ਜਾ ਸਕਦਾ ਹੈ ਤਾਂ ਫਿਰ ਖੁਸਰੇ (ਹੀਜੜੇ) ਨੇ ਉੱਚੀ ਆਤਮਕ ਅਵਸਥਾ ਹਾਸਲ ਕਿਉਂ ਨਹੀਂ ਕੀਤੀ ?

ਹੇ ਕਬੀਰ! ਆਖ—ਹੇ ਭਰਾਵੋ ਪਰਮਾਤਮਾ ਦੀ ਸਿਫ਼ਤ-ਸਾਲਾਹ ਤੋਂ ਬਿਨਾਂ ਕਿਸੇ ਨੇ ਵੀ ਮੁਕਤੀ ਪ੍ਰਾਪਤ ਨਹੀਂ ਕੀਤੀ (ਅਥਵਾ ਉੱਚੀ ਆਤਮਕ ਅਵਸਥਾ ਪ੍ਰਾਪਤ ਨਹੀਂ ਕੀਤੀ)।]

**ਕਬੀਰ ਮਨੁ ਮੂੰਡਿਆ ਨਹੀ, ਕੇਸ ਮੁੰਡਾਏ ਕਾਂਇ ॥**
**ਜੋ ਕਿਛੁ ਕੀਆ ਸੋ ਮਨ ਕੀਆ, ਮੂੰਡਾ ਮੂੰਡੁ ਅਜਾਂਇ ॥ ੧੦੧ ॥**

*(ਪੰਨਾ ੧੩੬੯)*

[**ਅਰਥ :** ਹੇ ਕਬੀਰ! (ਇਹ ਜੋ ਸਿਰ-ਮੂੰਹ ਮੁਨਾ ਕੇ ਆਪਣੇ ਆਪ ਨੂੰ 'ਸਾਧ' ਸਮਝਦਾ ਫਿਰਦਾ ਹੈ, ਇਸਨੇ) ਆਪਣਾ ਮਨ ਨਹੀਂ ਮੁਨਿਆ (ਭਾਵ, ਮਨ ਉੱਤੋਂ ਵਿਕਾਰਾਂ ਦੀ ਮੈਲ ਦੂਰ ਨਹੀਂ ਕੀਤੀ), ਸਿਰ ਨੂੰ ਮੁਨਾਉਣ ਨਾਲ ਇਹ 'ਸਾਧੂ' ਨਹੀਂ ਬਣ ਗਿਆ। ਜਿਸ ਵੀ ਮੰਦੇ ਕਰਮ ਦੀ ਪ੍ਰੇਰਨਾ ਕਰਦਾ ਹੈ, ਉਹ ਮਨ ਕਰਦਾ ਹੈ, (ਸਾਧ ਬਣਨ ਲਈ) ਸਿਰ

ਮੁਨਾਉਣਾ ਤਾਂ ਵਿਅਰਥ ਹੈ।]

ਡੰਡਾ ਮੁੰਦ੍ਰਾ ਖਿੰਥਾ ਆਧਾਰੀ॥
ਭ੍ਰਮ ਕੈ ਭਾਇ ਭਵੈ ਭੇਖਧਾਰੀ॥ ੧॥
ਆਸਨੁ ਪਵਨ ਦੂਰਿ ਕਰਿ ਬਵਰੇ॥
ਛੋਡਿ ਕਪਟੁ ਨਿਤ ਹਰਿ ਭਜੁ ਬਵਰੇ॥ ੧॥ ਰਹਾਉ॥
ਜਿਹ ਤੂ ਜਾਚਹਿ ਸੋ ਤ੍ਰਿਭਵਨ ਭੋਗੀ॥
ਕਹਿ ਕਬੀਰ ਕੇਸੌ ਜਗਿ ਜੋਗੀ॥ ੨॥ *(ਪੰਨਾ ੮੫੬)*

[ਅਰਥ : ਹੇ ਜੋਗੀ! ਤੂੰ ਭਟਕਣਾ ਵਿਚ ਪੈ ਕੇ, ਡੰਡਾ ਮੁੰਦ੍ਰਾ, ਖਫ਼ਨੀ ਤੇ ਝੋਲੀ ਆਦਿਕ ਦਾ ਧਾਰਮਿਕ ਪਹਿਰਾਵਾ (ਭੇਖ) ਪਾ ਕੇ ਕੁਰਾਹੇ ਪੈ ਗਿਆ ਹੈਂ। ਹੇ ਝੱਲੇ ਮਨੁੱਖ, ਯੋਗ-ਅਭਿਆਸ ਦੇ ਆਸਣ ਅਤੇ ਪ੍ਰਾਣਾਯਾਮ ਦੀ ਕਿਰਿਆ ਨੂੰ ਤਿਆਗ ਦੇਹ। ਇਸ ਪਖੰਡ ਨੂੰ ਤਿਆਗ ਦੇਹ, ਤੇ ਸਦਾ ਲਈ ਪ੍ਰਭੂ ਦੀ ਬੰਦਗੀ ਕਰ। ਜਿਹੜੀ ਮਾਇਆ ਤੂੰ ਮੰਗਦਾ ਫਿਰਦਾ ਹੈਂ, ਉਸ ਨੂੰ ਤਾਂ ਸਾਰੇ ਸੰਸਾਰ ਦੇ ਜੀਵ ਭੋਗ ਰਹੇ ਹਨ। ਜਗਤ ਵਿਚ ਮੰਗਣ ਯੋਗ ਇਕ ਪ੍ਰਭੂ ਦਾ (ਕੇਸੌ) ਦਾ ਨਾਮ ਹੀ ਹੈ।]

ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ॥
ਗਲੀ ਜਿਨ੍ਾ ਜਪਮਾਲੀਆ, ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ॥ ੧॥
ਐਸੇ ਸੰਤ, ਨ ਮੋ ਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ॥ ੧॥ ਰਹਾਉ॥
ਬਾਸਨ ਮਾਂਜਿ ਚਰਾਵਹਿ ਊਪਰਿ, ਕਾਠੀ ਧੋਇ ਜਲਾਵਹਿ॥
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ, ਸਾਰੇ ਮਾਣਸ ਖਾਵਹਿ॥ ੨॥
ਓਇ ਪਾਪੀ ਸਦਾ ਫਿਰਹਿ ਅਪਰਾਧੀ, ਮੁਖਹੁ ਅਪਰਸ ਕਹਾਵਹਿ॥
ਸਦਾ ਸਦਾ ਫਿਰਹਿ ਅਭਿਮਾਨੀ, ਸਗਲ ਕੁਟੰਬ ਡੁਬਾਵਹਿ॥ ੩॥
ਜਿਤੁ ਕੋ ਲਾਇਆ, ਤਿਤ ਹੀ ਲਾਗਾ, ਤੈਸੇ ਕਰਮ ਕਮਾਵੈ॥
ਕਹੁ ਕਬੀਰ ਜਿਸੁ ਸਤਿਗੁਰੁ ਭੇਟੈ, ਪੁਨਰਪਿ ਜਨਮਿ ਨ ਆਵੈ॥ ੪॥

*(ਆਸਾ, ਕਬੀਰ ਜੀ, ਪੰਨਾ ੪੭੬)*

[ਅਰਥ : ਜਿਹੜੇ ਮਨੁੱਖ (ਪੰਡਿਤ) ਸਾਢੇ ਤਿੰਨ-ਤਿੰਨ ਗਜ਼ ਲੰਮੀਆਂ ਧੋਤੀਆਂ ਪਹਿਨਦੇ ਹਨ ਅਤੇ ਤਿਹਰੀਆਂ ਤੰਦਾਂ ਵਾਲੇ ਜਨੇਊ ਪਾਉਂਦੇ ਹਨ, ਜਿਹਨਾਂ ਦੇ ਗਲਾਂ ਵਿਚ ਮਾਲਾ ਹਨ ਤੇ ਹੱਥ ਵਿਚ ਲਿਸ਼ਕਾਏ ਹੋਏ ਲੋਟੇ ਹਨ, ਉਹ ਮਨੁੱਖ ਪਰਮਾਤਮਾ ਦੇ ਭਗਤ ਨਹੀਂ ਹਨ, ਉਹ ਤਾਂ ਅਸਲ ਵਿਚ ਬਨਾਰਸ ਦੇ ਠਗ ਹਨ। ੧।

ਮੈਨੂੰ ਇਸ ਤਰ੍ਹਾਂ ਦੇ ਸੰਤ ਚੰਗੇ ਨਹੀਂ ਲੱਗਦੇ, ਜਿਹੜੇ ਮੂਲ (ਤਨੇ) ਨੂੰ ਵੀ ਟਾਹਣੀਆਂ ਸਮੇਤ ਖਾ ਜਾਣ (ਭਾਵ—ਜੋ ਮਾਇਆ ਦੀ ਖਾਤਰ ਮਨੁੱਖਾਂ ਨੂੰ ਜਾਨੋਂ ਮਾਰਨ ਤੋਂ ਵੀ ਸੰਕੋਚ ਨਾ ਕਰਨ)। ੧। ਰਹਾਉ।

ਇਹ ਲੋਕ ਧਰਤੀ ਪੁੱਟ ਕੇ ਦੋ ਚੁੱਲ੍ਹੇ ਬਣਾਉਂਦੇ ਹਨ, ਭਾਂਡੇ ਮਾਂਜ ਕੇ ਚੁੱਲ੍ਹਿਆਂ ਉੱਤੇ ਰੱਖਦੇ ਹਨ, ਹੇਠਾਂ ਲੱਕੜੀਆਂ ਧੋ ਕੇ ਬਾਲਦੇ ਹਨ। (ਸੁੱਚ ਤਾਂ ਇਹੋ ਜਿਹੀ, ਪਰ ਕਰਤੂਤ ਇਹ ਕਿ) ਪੂਰੇ ਦੇ ਪੂਰੇ ਮਨੁੱਖ ਖਾ ਜਾਂਦੇ ਹਨ। ੨।

ਇਹੋ ਜਿਹੇ ਮੰਦ-ਕਰਮੀ ਮਨੁੱਖ ਸਦਾ ਵਿਕਾਰਾਂ ਵਿਚ ਹੀ ਖਚਿਤ ਫਿਰਦੇ ਹਨ, ਉਂਞ ਮੂੰਹੋਂ 'ਅਪਰਸ' ਅਖਵਾਉਂਦੇ ਹਨ ਕਿ ਅਸੀਂ ਮਾਇਆ ਦੇ ਨੇੜੇ ਨਹੀਂ ਲੱਗਦੇ। ਸਦਾ ਹੰਕਾਰ ਨਾਲ ਭਰੇ ਫਿਰਦੇ ਹਨ, (ਇਹ ਆਪ ਤਾਂ ਡੁੱਬਦੇ ਹੀ ਹਨ, ਸਗੋਂ) ਸਾਰੇ ਸਾਥੀਆਂ ਨੂੰ ਵੀ ਮੰਦ-ਕਰਮਾਂ ਵਿਚ ਡੋਬਦੇ ਹਨ। ੩।

(ਪਰ ਜੀਵਾਂ ਦੇ ਕੀ ਵੱਸ?) ਜਿਸ ਪਾਸੇ ਵਾਹਿਗੁਰੂ ਨੇ ਕਿਸੇ ਮਨੁੱਖ ਨੂੰ ਲਾਇਆ ਹੈ, ਉਸ ਪਾਸੇ ਉਹ ਲੱਗਾ ਹੋਇਆ ਹੈ, ਤੇ ਉਹੋ ਜਿਹੇ ਹੀ ਉਹ ਕੰਮ ਕਰ ਰਿਹਾ ਹੈ। ਹੇ ਕਬੀਰ! ਸੱਚ ਤਾਂ ਇਹ ਹੈ ਕਿ ਜਿਸ ਨੂੰ ਸਤਿਗੁਰੂ ਮਿਲ ਪੈਂਦਾ ਹੈ, ਉਹ ਫਿਰ ਕਦੇ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ। ੪।]

### *13. ਸਵਰਗ-ਨਰਕ :*

ਪੂਰਬੀ ਅਤੇ ਪੱਛਮੀ ਧਰਮਾਂ ਵਿਚ ਸਵਰਗ-ਨਰਕ ਦਾ ਵਿਸ਼ਵਾਸ ਦ੍ਰਿੜ੍ਹ ਕਰਵਾਇਆ ਗਿਆ ਹੈ। ਜਿਹੜੇ ਕਰਮ ਇਸ ਸੰਸਾਰ ਵਿਚ ਵਿਵਰਜਿਤ ਹਨ (ਜਿਵੇਂ ਸ਼ਰਾਬ ਪੀਣੀ ਜਾਂ ਵਿਭਚਾਰ ਕਰਨਾ) ਉਨ੍ਹਾਂ ਕਰਮਾਂ ਦਾ ਸਵਰਗਾਂ ਵਿਚ ਲਾਲਚ ਦਿੱਤਾ ਗਿਆ ਹੈ। ਬ੍ਰਾਹਮਣੀ ਧਰਮ ਅਨੁਸਾਰ ਸਵਰਗਾਂ ਵਿਚ ਪੁੱਜਣਾ ਹੀ ਮੁਕਤੀ ਹੈ। ਗੁਰੂ ਸਾਹਿਬਾਨ ਅਤੇ ਭਗਤਾਂ ਨੇ ਕਿਸੇ ਸਵਰਗ-ਲੋਕ ਜਾਂ ਨਰਕ ਦੀ ਥਾਂ ਦੇ ਹੋਣ ਦੇ ਵਿਸ਼ਵਾਸ ਨੂੰ ਰੱਦ ਕੀਤਾ ਹੈ। ਭਗਤ ਜਨਾਂ ਲਈ ਪ੍ਰਭੂ ਦੀ ਸ਼ਰਨ ਵਿਚ ਰਹਿਣਾ ਹੀ 'ਸਵਰਗ' ਵਿਚ ਰਹਿਣਾ ਹੈ; ਪ੍ਰਭੂ ਤੋਂ ਦੂਰ ਹੋ ਕੇ ਵਿਕਾਰੀ-ਜੀਵਨ ਜਿਊਣਾ ਨਰਕਾਂ ਦਾ ਵਾਸੀ ਬਣਨਾ ਹੈ।

**ਸੁਰਗ ਬਾਸੁ ਨ ਬਾਛੀਐ, ਡਰੀਐ ਨ ਨਰਕਿ ਨਿਵਾਸੁ ॥**
**ਹੋਨਾ ਹੈ ਸੋ ਹੋਈ ਹੈ, ਮਨਹਿ ਨ ਕੀਜੈ ਆਸ ॥ ੧ ॥**
**ਰਮਈਆ ਗੁਨ ਗਾਈਐ ॥ ਜਾ ਤੇ, ਪਾਈਐ ਪਰਮ ਨਿਧਾਨੁ ॥**

*(ਗਉੜੀ ਪੂਰਬੀ, ਪੰਨਾ ੩੩੭)*

**ਕਵਨੁ ਨਰਕੁ, ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ ॥**
**ਹਮ ਕਾਹੂ ਕੀ ਕਾਣਿ ਨ ਕਢਤੇ, ਅਪਨੇ ਗੁਰ ਪਰਸਾਦੇ ॥**

*(ਰਾਮਕਲੀ, ਕਬੀਰ ਜੀ, ਪੰਨਾ ੯੬੯)*

[**ਅਰਥ** : ਕੀ ਨਰਕ ਤੇ ਕੀ ਵਿਚਾਰਾ ਸਵਰਗ? ਸੰਤਾਂ ਨੇ ਦੋਵੇ ਹੀ ਰੱਦ ਕਰ ਦਿੱਤੇ ਹਨ; ਕਿਉਂਕਿ ਸੰਤ (ਗੁਰਮੁਖ-ਜਨ) ਆਪਣੇ ਗੁਰੂ ਦੀ ਕਿਰਪਾ ਨਾਲ (ਸਵਰਗ ਜਾਂ ਨਰਕ) ਕਿਸੇ ਦੇ ਵੀ ਮੁਥਾਜ ਨਹੀਂ ਹਨ।]

**ਕਬੀਰ ਸੁਰਗ ਨਰਕ ਤੇ ਮੈ ਰਹਿਓ, ਸਤਿਗੁਰ ਕੇ ਪਰਸਾਦਿ ॥**
**ਚਰਨ ਕਮਲ ਕੀ ਮਉਜ ਮਹਿ, ਰਹਉ ਅੰਤਿ ਅਰੁ ਆਦਿ ॥ ੧੨੦ ॥**
**ਕਬੀਰ ਚਰਨ ਕਮਲ ਕੀ ਮਉਜ ਕੋ, ਕਹਿ ਕੈਸੇ ਉਨਮਾਨ ॥**
**ਕਹਿਬੇ ਕਉ ਸੋਭਾ ਨਹੀ, ਦੇਖਾ ਹੀ ਪਰਵਾਨੁ ॥ ੧੨੧ ॥** *(ਪੰਨਾ ੧੩੭੦)*

ਇਕ ਇਹ ਵੀ ਵਿਸ਼ਵਾਸ ਸੀ ਕਿ ਕਿਸੇ ਖਾਸ ਤੀਰਥ 'ਤੇ ਵੱਸਣ ਨਾਲ ਜਾਂ ਉਥੇ ਮਰਨ ਨਾਲ ਮੁਕਤੀ ਹੋ ਜਾਂਦੀ ਹੈ। ਕਬੀਰ ਜੀ ਨੇ ਇਸ ਵਿਸ਼ਵਾਸ ਨੂੰ ਵੀ ਤੋੜਿਆ ਹੈ। ਲੋਕਾਂ ਦੇ ਵਿਸ਼ਵਾਸ ਅਨੁਸਾਰ ਤਾਂ ਕਾਂਸ਼ੀ (ਬਨਾਰਸ) ਵਿਚ ਪ੍ਰਾਣ ਤਿਆਗਣ ਵਾਲਾ ਸਵਰਗ ਵਿਚ ਜਾਂਦਾ ਹੈ ਅਤੇ ਮਗਹਰ ਨਾਮ ਦੇ ਅਸਥਾਨ ਤੇ ਮਰਨ ਵਾਲਾ ਖੋਤੇ ਦੀ ਜੂਨ ਵਿਚ ਪੈਂਦਾ ਹੈ, ਪਰ ਕਬੀਰ ਜੀ ਆਖਦੇ ਹਨ :

**ਮਨਹੁ ਕਠੋਰੁ ਮਰੈ ਬਾਨਾਰਸਿ, ਨਰਕੁ ਨ ਬਾਂਚਿਆ ਜਾਈ॥**
**ਹਰਿ ਕਾ ਸੰਤੁ ਮਰੈ ਹਾੜੰਬੈ, ਤ ਸਗਲੀ ਸੈਨ ਤਰਾਈ॥**

*(ਆਸਾ, ਕਬੀਰ ਜੀ, ਪੰਨਾ ੪੮੪)*

[**ਪਦ ਅਰਥ : ਨ ਬਾਂਚਿਆ ਜਾਈ**—ਬਚਿਆ ਨਹੀਂ ਜਾ ਸਕਦਾ। **ਹਾੜੰਬੈ**—ਮਗਹਰ ਦੀ ਕਲਰਾਠੀ ਧਰਤ 'ਤੇ। **ਸੈਨ**—ਸੈਨਾ, ਲੁਕਾਈ।]

[**ਅਰਥ** : ਜੇ ਮਨੁੱਖ ਕਾਂਸ਼ੀ ਵਿਚ ਸਰੀਰ ਤਿਆਗੇ, ਪਰ ਮਨ ਦਾ ਕਠੋਰ ਹੋਵੇ, ਤਾਂ ਇਸ ਤਰ੍ਹਾਂ ਉਸ ਦਾ ਨਰਕ (ਜਨਮ ਮਰਨ ਦੇ ਗੇੜ) ਵਿਚ ਪੈਣਾ ਛੁੱਟ ਨਹੀਂ ਸਕਦਾ। ਦੂਜੇ ਪਾਸੇ, ਜੇ ਪਰਮਾਤਮਾ ਦਾ ਭਗਤ ਮਗਹਰ (ਹੜੰਬੇ) ਦੀ ਕਥਿਤ ਤੌਰ ਤੇ ਸਰਾਪੀ ਹੋਈ ਧਰਤੀ ਵਿਚ ਵੀ ਜਾ ਕੇ ਮਰੇ, ਤਾਂ ਉਹ ਆਪਣੇ ਨਾਲ ਹੋਰ ਲੋਕਾਂ ਨੂੰ ਵੀ ਤਾਰ ਲੈਂਦਾ ਹੈ।]

ਭਾਰਤੀ ਸਮਾਜ ਵਿਚ ਮਰ ਚੁੱਕੇ ਵੱਡੇ-ਵਡੇਰਿਆਂ (ਪਿੱਤਰਾਂ) ਦੀ ਪੂਜਾ ਹੁੰਦੀ ਸੀ, ਪਿੱਤਰਾਂ ਨਮਿਤ ਸਰਾਧ ਕਰਾਏ ਜਾਂਦੇ ਸਨ (ਹੁਣ ਵੀ ਕਰਾਏ ਜਾਂਦੇ ਹਨ), ਪਰ ਕਬੀਰ ਜੀ ਕਹਿੰਦੇ ਹਨ ਪਿੱਤਰ-ਪੂਜਾ ਇਕ ਫੋਕਟ ਕਰਮ ਹੈ। ਜੀਊਂਦੇ ਮਾਤਾ-ਪਿਤਾ ਦੀ ਸੇਵਾ ਕਰਨੀ ਹੈ, ਮਗਰੋਂ ਸਰਾਧਾਂ ਸਮੇਂ ਪੁਜਾਰੀਆਂ ਨੂੰ ਖੁਆਇਆ ਭੋਜਨ ਪਿੱਤਰਾਂ ਤੱਕ ਨਹੀਂ ਪੁੱਜਦਾ। ਪਿੱਤਰ-ਪੂਜਾ ਨਾਲ ਘਰ-ਪਰਿਵਾਰ ਵਿਚ ਕੋਈ ਸੁਖ-ਅਨੰਦ ਨਹੀਂ ਹੁੰਦਾ :

**ਜੀਵਤ ਪਿਤਰ ਨ ਮਾਨੈ ਕੋਊ, ਮੂਏਂ ਸਿਰਾਧ ਕਰਾਹੀ॥**
**ਪਿਤਰ ਭੀ ਬਪੁਰੇ ਕਹੁ, ਕਿਉ ਪਾਵਹਿ, ਕਊਆ ਕੂਕਰ ਖਾਹੀ॥ ੧॥**
**ਮੋ ਕਉ ਕੁਸਲੁ ਬਤਾਵਹੁ ਕੋਈ॥**
**ਕੁਸਲੁ ਕੁਸਲੁ ਕਰਤੇ ਜਗੁ ਬਿਨਸੈ, ਕੁਸਲੁ ਭੀ ਕੈਸੇ ਹੋਈ॥ ੧॥ ਰਹਾਉ॥**

*(ਗਉੜੀ ਬੈਰਾਗਣਿ, ਪੰਨਾ ੩੩੨)*

[**ਅਰਥ** : ਲੋਕ ਜੀਊਂਦੇ ਮਾਪਿਆਂ ਦਾ ਤਾਂ ਆਦਰ-ਮਾਣ ਨਹੀਂ ਕਰਦੇ, ਪਰ ਮਰ ਗਏ ਪਿੱਤਰਾਂ ਲਈ ਭੋਜਨ ਖੁਆਉਂਦੇ ਹਨ। ਵਿਚਾਰੇ ਪਿੱਤਰ ਭਲਾ ਉਹ ਸਰਾਧਾਂ ਦਾ ਭੋਜਨ ਭਲਾ ਕਿਵੇਂ ਪ੍ਰਾਪਤ ਕਰਨ? ਉਸ ਭੋਜਨ ਨੂੰ ਤਾਂ ਕਾਂ-ਕੁੱਤੇ ਖਾ ਜਾਂਦੇ ਹਨ। ੧।

ਕੋਈ ਮੈਨੂੰ ਇਹ ਤਾਂ ਦੱਸੋ ਕਿ (ਪਿੱਤਰਾਂ ਦੇ ਨਮਿਤ ਸਰਾਧ ਖੁਆਉਣ ਨਾਲ ਪਿਛੇ ਘਰ ਵਿਚ) ਸੁਖ-ਅਨੰਦ ਕਿਵੇਂ ਹੋ ਜਾਂਦਾ ਹੈ। ਸਾਰਾ ਸੰਸਾਰ ਇਸੇ ਵਹਿਮ-ਭਰਮ ਵਿਚ ਖਪ ਰਿਹਾ ਹੈ ਕਿ (ਪਿੱਤਰਾਂ ਲਈ ਸਰਾਧ ਕੀਤਿਆਂ ਘਰ ਵਿਚ) ਸੁਖ-ਅਨੰਦ ਬਣਿਆ ਰਹਿੰਦਾ ਹੈ।]

## 14. ਜਾਤ-ਪਾਤ

ਮੱਧ ਭਾਰਤ ਵਿਚ ਜਾਤ-ਪਾਤ ਦਾ ਬਹੁਤ ਜ਼ੋਰ ਸੀ, ਜਿਸ ਦਾ ਆਧਾਰ ਰਿਗ ਵੇਦ ਦੇ ਇਕ ਸੂਤਰ ਦੇ ਆਧਾਰ ਤੇ ਕਾਇਮ ਹੋਈ ਵਰਣ-ਵੰਡ ਸੀ। ਚਾਰ ਵਰਨਾਂ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਵਿਚ ਸਭ ਤੋਂ ਉਪਰ ਬ੍ਰਾਹਮਣ ਤੇ ਸਭ ਤੋਂ ਹੇਠਾਂ ਸ਼ੂਦਰ ਸਨ, ਜਿਨ੍ਹਾਂ ਨੂੰ ਪੜ੍ਹਾਈ ਤੇ ਭਗਤੀ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਸਿਮ੍ਰਤੀਆਂ ਅਨੁਸਾਰ ਸ਼ੂਦਰਾਂ ਨੂੰ ਗਰੀਬ ਰੱਖਣਾ ਰਾਜੇ ਦਾ ਕਰਤੱਵ ਸੀ। ਭਗਤ ਕਬੀਰ ਜੀ ਆਪ 'ਸ਼ੂਦਰਾਂ' ਵਿਚੋਂ ਸਨ, ਉਨ੍ਹਾਂ ਨੂੰ ਵੀ ਅਪਮਾਨ ਸਹਿਣਾ ਪਿਆ। ਪਰ ਉਨ੍ਹਾਂ ਨੇ ਜਾਤ-ਪਾਤ ਦੇ ਸਿਧਾਂਤ ਦੀ ਡਟ ਕੇ ਵਿਰੋਧਤਾ ਕੀਤੀ :

**ਗਰਭ ਵਾਸ ਮਹਿ ਕੁਲੁ ਨਹੀ ਜਾਤੀ॥**
**ਬ੍ਰਹਮ ਬਿੰਦੁ ਤੇ ਸਭ ਉਤਪਾਤੀ॥ ੧॥**
**ਕਹੁ ਰੇ ਪੰਡਿਤ, ਬਾਮਨ ਕਬ ਕੇ ਹੋਏ॥**
**ਬਾਮਨ ਕਹਿ ਕਹਿ ਜਨਮੁ ਮਤ ਖੋਏ॥ ੧॥ ਰਹਾਉ॥**
**ਜੌ ਤੂੰ ਬ੍ਰਾਹਮਣ, ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥ ੨॥**
**ਤੁਮ ਕਤ ਬ੍ਰਾਹਮਣ, ਹਮ ਕਤ ਸੂਦ॥**
**ਹਮ ਕਤ ਲੋਹੂ, ਤੁਮ ਕਤ ਦੂਧ॥ ੩॥**
**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ ੪॥** *(ਗਉੜੀ, ਕਬੀਰ ਜੀ, ਪੰਨਾ ੩੨੪)*

[**ਅਰਥ** : ਸਾਰੇ ਜੀਵਾਂ ਦੀ ਉਤਪਤੀ ਪਰਮਾਤਮਾ ਦੀ ਅੰਸ਼ ਤੋਂ ਹੋ ਰਹੀ ਹੈ। ਮਾਤਾ ਦੇ ਪੇਟ ਵਿਚ ਤਾਂ ਕਿਸੇ ਨੂੰ ਇਹ ਪਤਾ ਨਹੀਂ ਹੁੰਦਾ ਕਿ ਮੈਂ ਕਿਸ ਕੁਲ ਦਾ ਹਾਂ। ੧।

ਹੇ ਪੰਡਿਤ! ਤੂੰ ਦੱਸ ਕਿ ਤੁਸੀਂ ਬ੍ਰਾਹਮਣ ਕਦੋਂ ਦੇ ਬਣ ਗਏ ਹੋ? ਇਹ ਕਹਿ ਕਹਿ ਕੇ ਕਿ ਮੈਂ ਬ੍ਰਾਹਮਣ ਹਾਂ, ਮੈਂ ਬ੍ਰਾਹਮਣ ਹਾਂ, ਆਪਣਾ ਮਨੁੱਖਾ ਜਨਮ ਹੰਕਾਰ ਵਿਚ ਵਿਅਰਥ ਨਾ ਗੁਆਓ। ੧। ਰਹਾਉ।

ਹੇ ਪੰਡਿਤ! ਜੇ ਤੂੰ ਸੱਚਮੁੱਚ ਬ੍ਰਾਹਮਣ ਹੈਂ ਤੇ ਬ੍ਰਾਹਮਣੀ ਦੇ ਪੇਟੋਂ ਜਨਮਿਆ ਹੈਂ, ਤਾਂ ਕਿਸੇ ਹੋਰ ਰਾਹੇ ਕਿਉਂ ਨਹੀਂ ਪੈਦਾ ਹੋਇਆ?। ੨।

ਹੇ ਪੰਡਿਤ! ਤੁਸੀਂ ਬ੍ਰਾਹਮਣ (ਸਭ ਤੋਂ ਉੱਚੇ) ਕਿਵੇਂ ਬਣ ਗਏ ਤੇ ਅਸੀਂ ਸ਼ੂਦਰ (ਸਭ ਤੋਂ ਨੀਵੇਂ) ਕਿਵੇਂ ਰਹਿ ਗਏ? ਕੀ ਸਾਡੇ ਸਰੀਰ ਵਿਚ ਨਿਰਾ ਖ਼ੂਨ ਹੈ ਤੇ ਤੁਹਾਡੇ ਸਰੀਰ ਵਿਚ (ਖ਼ੂਨ ਦੀ ਥਾਂ) ਨਿਰਾ ਦੁੱਧ ਹੈ?

ਹੇ ਕਬੀਰ! ਅਸੀਂ ਤਾਂ ਉਸ ਮਨੁੱਖ ਨੂੰ ਹੀ ਬ੍ਰਾਹਮਣ ਮੰਨਦੇ ਹਾਂ ਜੋ ਬ੍ਰਹਮ (ਪਰਮਾਤਮਾ) ਨੂੰ ਸਿਮਰਦਾ ਹੈ। ੪।]

**ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ॥**
**ਬਲਿਹਾਰੀ ਇਸ ਜਾਤਿ ਕਉ, ਜਿਹ ਜਪਿਓ ਸਿਰਜਨਹਾਰੁ॥ ੨॥**

*(ਪੰਨਾ ੧੩੬੪)*

[**ਅਰਥ** : ਹੇ ਕਬੀਰ! ਮੇਰੀ ਜਾਤ ਨੂੰ (ਨੀਵੀਂ ਸਮਝ ਕੇ) ਹਰ ਕੋਈ ਹੱਸਦਾ ਹੁੰਦਾ ਸੀ। ਪਰ ਹੁਣ ਮੈਂ ਇਸ ਜਾਤ ਤੋਂ ਕੁਰਬਾਨ ਜਾਂਦਾ ਹਾਂ ਕਿਉਂਕਿ ਇਸ ਵਿਚ ਜਨਮ ਲੈ ਕੇ ਮੈਂ ਆਪਣੇ ਕਰਤਾਰ ਦੀ ਭਗਤੀ ਕੀਤੀ ਹੈ (ਤੇ ਆਤਮਕ ਸੁਖ ਮਾਣ ਰਿਹਾ ਹਾਂ)। ੨।]

**ਕਬੀਰ ਜਾਤਿ ਜੁਲਾਹਾ ਕਿਆ ਕਰੈ, ਹਿਰਦੈ ਬਸੇ ਗੁਪਾਲ॥**
**ਕਬੀਰ ਰਮਈਆ ਕੰਠਿ ਮਿਲੁ, ਚੂਕਹਿ ਸਰਬ ਜੰਜਾਲ॥ ੮੨॥**

*(ਪੰਨਾ ੧੩੬੮)*

[**ਅਰਥ** : ਹੇ ਕਬੀਰ! ਮੇਰੀ (ਨੀਵੀਂ ਕਹੀ ਜਾਣ ਵਾਲੀ) ਜੁਲਾਹਾ-ਜਾਤ ਮੇਰੇ ਅੰਦਰ ਨਿਤਾਣਾਪਨ ਪੈਦਾ ਨਹੀਂ ਕਰ ਸਕਦੀ ਕਿਉਂਕਿ ਹੁਣ ਮੇਰੇ ਮਨ ਵਿਚ ਸ੍ਰਿਸ਼ਟੀ ਦਾ ਮਾਲਕ ਪ੍ਰਭੂ ਵੱਸ ਰਿਹਾ ਹੈ। ਹੇ ਕਬੀਰ! ਪ੍ਰਭੂ ਦੀ ਯਾਦ ਵਿਚ ਜੁੜ, ਇਸ ਤਰ੍ਹਾਂ ਮਾਇਆ ਦੇ ਸਾਰੇ ਜੰਜਾਲ (ਜਾਤ ਦੀ ਕਮਚਰਗੀ ਸਮੇਤ) ਮੁੱਕ ਜਾਣਗੇ। ੨।]

## *15. ਬ੍ਰਾਹਮਣ ਦੀ ਸਰਦਾਰੀ*

ਬ੍ਰਾਹਮਣ ਨੇ ਵਰਣ-ਵੰਡ ਦੇ ਸਿਧਾਂਤ ਦਾ ਲਾਭ ਉਠਾ ਕੇ ਸਮਾਜ ਵਿਚ ਆਪਣੀ ਸਰਦਾਰੀ ਕਾਇਮ ਕੀਤੀ ਹੋਈ ਸੀ। ਪਾਠ, ਯੱਗ, ਜੀਵਨ ਦੇ ਜਨਮ, ਵਿਆਹ, ਮਰਨ ਆਦਿਕ ਸੰਸਕਾਰਾਂ, ਕਰਮ-ਕਾਂਡ ਤੇ ਅੰਧ-ਵਿਸ਼ਵਾਸ ਫੈਲਾ ਕੇ ਉਹ ਐਸ਼ਪ੍ਰਸਤ ਬਣਿਆ ਪਿਆ ਸੀ। ਸ਼ੂਦਰਾਂ ਦੀ ਤਰਸਯੋਗ ਹਾਲਤ ਲਈ ਵੀ ਉਹ ਹੀ ਜ਼ਿੰਮੇਵਾਰ ਸੀ। ਕਬੀਰ ਸਾਹਿਬ ਨੇ ਬ੍ਰਾਹਮਣ ਦੀ ਸਰਦਾਰੀ (ਉੱਚਤਾ) ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ :

**ਹਮ ਘਰਿ ਸੂਤੁ ਤਨਹਿ ਨਿਤ ਤਾਨਾ, ਕੰਠਿ ਜਨੇਊ ਤੁਮਾਰੇ॥**
**ਤੁਮ੍ ਤਉ ਬੇਦ ਪੜਹੁ ਗਾਇਤ੍ਰੀ, ਗੋਬਿੰਦੁ ਰਿਦੈ ਹਮਾਰੇ॥ ੧॥**
**ਮੇਰੀ ਜਿਹਬਾ ਬਿਸਨੁ, ਨੈਨ ਨਾਰਾਇਨ, ਹਿਰਦੈ ਬਸਹਿ ਗੋਬਿੰਦਾ॥**
**ਜਮ ਦੁਆਰ ਜਬ ਪੂਛਸਿ ਬਵਰੇ, ਤਬ ਕਿਆ ਕਹਸਿ ਮੁਕੰਦਾ॥ ੧॥ ਰਹਾਉ॥**
**ਹਮ ਗੋਰੂ, ਤੁਮ ਗੁਆਰ ਗੁਸਾਈ, ਜਨਮ ਜਨਮ ਰਖਵਾਰੇ॥**
**ਕਬਹੂੰ ਨ ਪਾਰਿ ਉਤਾਰਿ ਚਰਾਇਹੁ, ਕੈਸੇ ਖਸਮ ਹਮਾਰੇ॥ ੨॥**
**ਤੂੰ ਬਾਮ੍ਹਨੁ, ਮੈ ਕਾਸੀਕ ਜੁਲਹਾ, ਬੂਝਹੁ ਮੋਰ ਗਿਆਨਾ॥**
**ਤੁਮ੍ ਤਉ ਜਾਚੇ ਭੂਪਤਿ ਰਾਜੇ, ਹਰਿ ਸਉ ਮੋਰ ਧਿਆਨਾ॥ ੩॥**

*(ਆਸਾ, ਕਬੀਰ ਜੀ, ਪੰਨਾ ੪੮੨)*

[**ਪਦ ਅਰਥ** : **ਮੁਕੰਦਾ ਪੂਛਸਿ**—ਜਦੋਂ ਮੁਕੰਦ (ਪ੍ਰਭੂ) ਪੁੱਛੇਗਾ। **ਕਹਸਿ**—ਕਹੇਂਗਾ, ਉੱਤਰ ਦੇਵੇਂਗਾ। **ਗੋਰੂ**—ਗਾਈਆਂ। **ਗੁਆਰ**—ਗਾਈਆਂ ਦੇ ਰਾਖੇ। **ਚਰਾਇਹੁ**—ਤੁਸਾਂ ਸਾਨੂੰ ਚਾਰਿਆ, ਤੁਸਾਂ ਸਾਨੂੰ (ਆਤਮਕ) ਖੁਰਾਕ ਦਿੱਤੀ। **ਕਾਸੀਕ**—ਕਾਂਸ਼ੀ ਦਾ। **ਜਾਚੇ**—ਮੰਗਦੇ ਹੋ।]

[**ਅਰਥ** : ਹੇ ਬ੍ਰਾਹਮਣ! (ਜੇ ਤੈਨੂੰ ਇਸ ਕਰਕੇ ਆਪਣੀ ਉੱਚੀ ਜਾਤ ਦਾ ਮਾਣ ਹੈ ਕਿ) ਤੇਰੇ ਗਲ ਵਿਚ ਜਨੇਊ ਹੈ (ਜੋ ਸਾਡੇ ਗਲ ਵਿਚ ਨਹੀਂ ਹੈ, ਤੇ ਵੇਖ, ਉਹੋ ਜਿਹਾ

ਹੀ) ਸਾਡੇ ਘਰ ਬਥੇਰਾ ਸੂਤਰ ਹੈ, ਜਿਸ ਨਾਲ ਅਸੀਂ ਰੋਜ਼ ਤਾਣਾ ਤਣਦੇ ਹਾਂ। ਤੇਰਾ ਵੇਦ ਆਦਿਕ ਪੜ੍ਹਨ ਦਾ ਮਾਣ ਵੀ ਕੂੜਾ ਹੈ, ਕਿਉਂਕਿ ਤੁਸੀਂ ਤਾਂ ਵੇਦ ਅਤੇ ਗਾਇਤ੍ਰੀ ਮੰਤਰ ਕੇਵਲ ਜੀਭ ਨਾਲ ਉਚਾਰਦੇ ਹੋ, ਪਰ ਪਰਮਾਤਮਾ ਸਾਡੇ ਹਿਰਦੇ ਵਿਚ ਵੱਸਦਾ ਹੈ। ੧।

ਹੇ ਕਮਲੇ ਬ੍ਰਾਹਮਣ! ਪ੍ਰਭੂ ਜੀ ਤਾਂ ਮੇਰੀ ਜੀਭ ਉੱਤੇ, ਮੇਰੀਆਂ ਅੱਖਾਂ ਵਿਚ ਤੇ ਮੇਰੇ ਦਿਲ ਵਿਚ ਵੱਸਦੇ ਹਨ। ਪਰ ਜਦੋਂ ਧਰਮਰਾਜ ਦੀ ਹਜ਼ੂਰੀ ਵਿਚ ਤੈਨੂੰ ਪੁਛਿਆ ਜਾਵੇਗਾ (ਕਿ ਤੂੰ ਸਾਰੀ ਉਮਰ ਕੀ ਕਰਦਾ ਰਿਹਾ ਹੈਂ) ਤਾਂ ਤੂੰ ਕੀ ਜੁਆਬ ਦੇਵੇਂਗਾ? ਰਹਾਉ।

ਕਈ ਜਨਮਾਂ ਤੋਂ ਤੁਸੀਂ (ਪੰਡਿਤ/ਬ੍ਰਾਹਮਣ) ਸਾਡੇ ਰਾਖੇ ਬਣੇ ਆ ਰਹੇ ਹੋ; ਅਸੀਂ ਤੁਹਾਡੀਆਂ ਗਊਆਂ ਬਣੇ ਆ ਰਹੇ ਹਾਂ, ਤੁਸੀਂ ਸਾਡੇ ਮਾਲਕ-ਗੁਆਲੇ ਬਣੇ ਆ ਰਹੇ ਹੋ। ਪਰ, ਤੁਸੀਂ ਹੁਣ ਤੱਕ ਨਿਕੰਮੇ ਹੀ ਸਾਬਤ ਹੋਏ ਹੋ, ਤੁਸਾਂ ਕਦੇ ਵੀ ਸਾਨੂੰ ਨਦੀਓਂ ਪਾਰ ਲੰਘਾ ਕੇ ਨਹੀਂ ਚਾਰਿਆ (ਭਾਵ—ਇਸ ਸੰਸਾਰ ਸਮੁੰਦਰ ਤੋਂ ਪਾਰ ਜਾਣ ਦੀ ਕੋਈ ਸਿਖਿਆ ਨਹੀਂ ਦਿੱਤੀ)। ੨।

ਇਹ ਠੀਕ ਹੈ ਕਿ ਤੂੰ ਕਾਂਸ਼ੀ ਦਾ ਬ੍ਰਾਹਮਣ ਹੈਂ (ਭਾਵ, ਤੈਨੂੰ ਕਾਂਸ਼ੀ ਵਿਚ ਪ੍ਰਾਪਤ ਕੀਤੀ ਵਿਦਿਆ ਦਾ ਮਾਣ ਹੈ), ਤੇ ਮੈਂ ਜਾਤ ਦਾ ਜੁਲਾਹਾ ਹਾਂ (ਜਿਸ ਨੂੰ ਤੁਹਾਡੀ ਵਿਦਿਆ ਪੜ੍ਹਨ ਦਾ ਹੱਕ ਨਹੀਂ, ਪਰ ਮੇਰੀ ਵਿਚਾਰ ਦੀ ਇਕ ਗੱਲ ਸੋਚ ਕਿ (ਤੁਹਾਨੂੰ ਵਿੱਦਿਆ ਪੜ੍ਹਨ ਦਾ ਕੋਈ ਲਾਭ ਨਹੀਂ, ਕਿਉਂਕਿ) ਤੁਸੀਂ ਤਾਂ ਰਾਜੇ-ਰਾਣਿਆਂ ਦੇ ਦਰ ’ਤੇ ਮੰਗਦੇ ਫਿਰਦੇ ਹੋ ਤੇ ਮੇਰੀ ਸੁਰਤ ਪਰਮਾਤਮਾ ਨਾਲ ਜੁੜੀ ਹੋਈ ਹੈ। ੩।]

**ਪਡੀਆ, ਕਵਨ ਕੁਮਤਿ ਤੁਮ ਲਾਗੇ ॥**
**ਬੂਡਹੁਗੇ ਪਰਵਾਰ ਸਕਲ ਸਿਉ, ਰਾਮ ਨ ਜਪਹੁ ਅਭਾਗੇ ॥ ੧ ॥ ਰਹਾਉ ॥**
**ਬੇਦ ਪੁਰਾਨ ਪੜੇ ਕਾ ਕਿਆ ਗੁਨੁ, ਖਰ ਚੰਦਨ ਜਸ ਭਾਰਾ ॥**
**ਰਾਮ ਨਾਮ ਕੀ ਗਤਿ ਨਹੀ ਜਾਨੀ, ਕੈਸੇ ਉਤਰਸਿ ਪਾਰਾ ॥ ੧ ॥**

... ... ... ... ...

**ਮਨ ਕੇ ਅੰਧੇ, ਆਪਿ ਨ ਬੂਝਹੁ, ਕਾਹਿ ਬੁਝਾਵਹੁ ਭਾਈ ॥**
**ਮਾਇਆ ਕਾਰਨ ਬਿਦਿਆ ਬੇਚਹੁ, ਜਨਮੁ ਅਬਿਰਥਾ ਜਾਈ ॥ ੩ ॥**

*(ਮਾਰੂ, ਕਬੀਰ ਜੀ, ਪੰਨਾ ੧੧੦੨)*

[**ਅਰਥ :** ਹੇ ਪੰਡਿਤ! ਤੁਸੀਂ ਲੋਕ ਕਿਹੜੀ ਕੁਮੱਤੇ (ਗ਼ਲਤ ਪਾਸੇ) ਲੱਗੇ ਹੋਏ ਹੋ? ਹੇ ਮੰਦ-ਭਾਗੇ ਪਾਂਡੇ! ਤੁਸੀਂ ਪ੍ਰਭੂ ਦਾ ਨਾਮ ਨਹੀਂ ਸਿਮਰਦੇ, ਸਾਰੇ ਪਰਿਵਾਰ ਸਮੇਤ ਹੀ ਸੰਸਾਰ-ਸਾਗਰ ਵਿਚ ਡੁੱਬ ਜਾਵੋਗੇ। ੧। ਰਹਾਉ।

ਹੇ ਪਾਂਡੇ! ਤੂੰ ਸੰਸਾਰ-ਸਮੁੰਦਰ ਕਿਵੇਂ ਪਾਰ ਕਰੇਂਗਾ? ਇਸ ਗੱਲ ਦੀ ਤਾਂ ਮੈਨੂੰ ਸਮਝ ਨਹੀਂ ਪਈ ਕਿ ਪ੍ਰਭੂ ਦੇ ਨਾਮ ਨੂੰ ਸਿਮਰਨ ਨਾਲ ਕਿਹੋ ਜਿਹੀ ਆਤਮਕ ਅਵਸਥਾ ਬਣਦੀ ਹੈ। (ਤੂੰ ਮਾਣ ਕਰਦਾ ਹੈਂ ਕਿ ਤੂੰ ਵੇਦ ਆਦਿਕ ਧਾਰਮਿਕ ਪੁਸਤਕਾਂ ਪੜ੍ਹਿਆ ਹੋਇਆ ਹੈਂ, ਪਰ) ਵੇਦ-ਪੁਰਾਨ ਪੜ੍ਹਨ ਦਾ ਕੋਈ ਲਾਭ ਨਹੀਂ (ਜੇ ਨਾਮ-ਹੀਣ ਹੀ ਰਿਹਾ; ਇਹ ਤਾਂ ਦਿਮਾਗ਼ ਤੇ ਭਾਰ ਲੱਦਣਾ ਹੀ ਹੈ), ਜਿਵੇਂ ਕਿਸੇ ਖੋਤੇ ਉੱਤੇ ਚੰਦਨ ਦੀ ਲੱਕੜ ਦਾ ਭਾਰ ਲੱਦ ਲਿਆ ਹੋਵੇ। ੧।

ਹੇ ਅਗਿਆਨੀ (ਮਨ ਦੇ ਅੰਨ੍ਹੇ) ਪਾਂਡੇ! ਤੁਹਾਨੂੰ ਆਪ ਨੂੰ (ਜੀਵਨ ਦੇ ਸਹੀ ਰਸਤੇ ਦੀ) ਸਮਝ ਨਹੀਂ ਆਈ, ਹੋਰ ਕਿਸ ਨੂੰ ਮੱਤਾਂ ਦੇ ਰਹੇ ਹੋ? ਤੁਸੀਂ ਪੜ੍ਹੀ ਹੋਈ ਵਿਦਿਆ (ਤੋਂ ਕੋਈ ਲਾਭ ਉਠਾਉਣ ਦੀ ਥਾਂ ਉਸ) ਨੂੰ ਕੇਵਲ ਮਾਇਆ ਦੀ ਖ਼ਾਤਰ ਹੀ ਵੇਚ ਰਹੇ ਹੋ। ਇਸ ਤਰ੍ਹਾਂ ਤੁਹਾਡਾ ਜੀਵਨ ਵਿਅਰਥ ਗੁਜ਼ਰ ਰਿਹਾ ਹੈ। ੩।]

**ਕਬੀਰ ਬਾਮਨੁ ਗੁਰੂ ਹੈ ਜਗਤ ਕਾ, ਭਗਤਨ ਕਾ ਗੁਰੁ ਨਾਹਿ ॥**
**ਅਰਝਿ ਉਰਝਿ ਕੈ ਪਚਿ ਮੂਆ, ਚਾਰਉ ਬੇਦਹੁ ਮਾਹਿ ॥** *(ਪੰਨਾ ੧੩੭੭)*

[**ਅਰਥ** : ਹੇ ਕਬੀਰ! (ਕਰਮ-ਕਾਂਡਾਂ ਦਾ ਰਾਹ ਦੱਸ ਕੇ) ਬ੍ਰਾਹਮਣ ਕੇਵਲ ਦੁਨੀਆਂਦਾਰਾਂ ਦਾ ਹੀ ਗੁਰੂ ਅਖਵਾ ਸਕਦਾ ਹੈ; ਭਗਤੀ ਕਰਨ ਵਾਲਿਆਂ ਦਾ ਉਪਦੇਸ਼-ਦਾਤਾ ਬ੍ਰਾਹਮਣ ਨਹੀਂ ਬਣ ਸਕਦਾ, ਕਿਉਂਕਿ ਇਹ ਤਾਂ ਆਪ ਹੀ ਚੌਹਾਂ ਵੇਦਾਂ ਦੇ ਜਗ ਆਦਿਕ ਕਰਮ-ਕਾਂਡ ਦੀਆਂ ਉਲਝਣਾਂ ਨੂੰ ਸੋਚ ਸੋਚ ਕੇ, ਇਨ੍ਹਾਂ ਵਿਚ ਖਪ-ਖਪ ਕੇ ਆਤਮਕ ਮੌਤ ਮਰ ਚੁੱਕਾ ਹੈ।]

## *16. ਅਮੀਰ-ਗ਼ਰੀਬ ਦਾ ਵਿਤਕਰਾ*

ਪੁਰਾਣੇ ਸਮਿਆਂ ਤੋਂ ਹੀ, ਕਾਣੀ ਆਰਥਕ ਵੰਡ ਕਾਰਨ, ਗ਼ਰੀਬ-ਅਮੀਰ ਦਾ ਵਿਤਕਰਾ ਚਲਿਆ ਆਉਂਦਾ ਹੈ। ਜਿਥੇ ਅਮੀਰ ਦੀ ਹੈਂਕੜਬਾਜ਼ੀ ਅੱਗੇ ਕੋਈ ਮੂੰਹ ਨਹੀਂ ਖੋਲ੍ਹਦਾ, ਉਥੇ ਗ਼ਰੀਬ ਦੀ ਨਿਮ੍ਰਤਾ ਦਾ ਅਮੀਰ ਕੋਈ ਮੁੱਲ ਨਹੀਂ ਪਾਉਂਦਾ :

**ਨਿਰਧਨ ਆਦਰੁ ਕੋਈ ਨ ਦੇਇ ॥**
**ਲਾਖ ਜਤਨ ਕਰੈ, ਓਹੁ ਚਿਤਿ ਨ ਧਰੇਇ ॥ ੧ ॥ ਰਹਾਉ ॥**
**ਜਉ ਨਿਰਧਨੁ ਸਰਧਨ ਕੈ ਜਾਇ ॥**
**ਆਗੇ ਬੈਠਾ ਪੀਠਿ ਫਿਰਾਇ ॥ ੧ ॥**
**ਜਉ ਸਰਧਨੁ ਨਿਰਧਨ ਕੈ ਜਾਇ ॥**
**ਦੀਆ ਆਦਰੁ ਲੀਆ ਬੁਲਾਇ ॥ ੨ ॥**
**ਨਿਰਧਨੁ ਸਰਧਨੁ ਦੋਨਉ ਭਾਈ ॥**
**ਪ੍ਰਭ ਕੀ ਕਲਾ ਨ ਮੇਟੀ ਜਾਈ ॥ ੩ ॥**
**ਕਹਿ ਕਬੀਰ, ਨਿਰਧਨੁ ਹੈ ਸੋਈ ॥**
**ਜਾ ਕੇ ਹਿਰਦੈ ਨਾਮੁ ਨ ਹੋਈ ॥ ੪ ॥**

*(ਭੈਰਉ, ਕਬੀਰ ਜੀ, ਪੰਨਾ ੧੧੫੯)*

[**ਅਰਥ** : ਕੋਈ ਮਨੁੱਖ ਕਿਸੇ ਗਰੀਬ (ਕੰਗਾਲ) ਮਨੁੱਖ ਦਾ ਸਤਿਕਾਰ ਨਹੀਂ ਕਰਦਾ। ਗਰੀਬ ਮਨੁੱਖ ਭਾਵੇਂ (ਕਿਸੇ ਧਨਵਾਨ ਨੂੰ ਖ਼ੁਸ਼ ਕਰਨ ਦੇ) ਲੱਖਾਂ ਯਤਨ ਕਰੇ, ਪਰ ਧਨਵਾਨ ਮਨੁੱਖ ਉਸ ਦੀ ਕੋਈ ਪ੍ਰਵਾਹ ਨਹੀਂ ਕਰਦਾ। ੧। ਰਹਾਉ।

ਜੇ ਕਦੇ ਕੋਈ ਗਰੀਬ (ਨਿਰਧਨ) ਬੰਦਾ ਕਿਸੇ ਧਨਵਾਨ (ਸਰਧਨ) ਦੇ ਘਰ ਚਲਾ ਜਾਏ, ਅੱਗੋਂ ਉਹ ਧਨੀ ਮਨੁੱਖ ਉਸ ਵਲੋਂ ਮੂੰਹ ਮੋੜ ਲੈਂਦਾ ਹੈ। ਪਰ ਜੇ ਕੋਈ ਧਨੀ ਮਨੁੱਖ ਗਰੀਬ ਦੇ ਘਰ ਜਾਏ, ਤਾਂ ਉਹ (ਗਰੀਬ) ਆਦਰ-ਸਤਿਕਾਰ ਕਰਦਾ ਹੈ, ਜੀ-ਆਇਆਂ,

ਜੀ-ਆਇਆਂ ਆਖਦਾ ਹੈ। ੨।

ਪ੍ਰਭੂ ਦੀ ਇਹ ਰਜ਼ਾ (ਜਿਸ ਕਾਰਨ ਕੋਈ ਗਰੀਬ ਜਾਂ ਅਮੀਰ ਬਣ ਗਿਆ ਹੈ) ਮਿਟਾਈ ਨਹੀਂ ਜਾ ਸਕਦੀ, ਉਂਞ ਅਮੀਰ ਤੇ ਗਰੀਬ ਦੋਵੇਂ ਭਰਾ ਹੀ ਹਨ (ਇਸ ਲਈ ਅਮੀਰ ਨੂੰ ਇੰਨਾ ਹੰਕਾਰ ਨਹੀਂ ਕਰਨਾ ਚਾਹੀਦਾ)। ੩।

ਕਬੀਰ ਆਖਦਾ ਹੈ—ਅਸਲ ਵਿਚ ਉਹ ਮਨੁੱਖ ਹੀ ਕੰਗਾਲ (ਗਰੀਬ) ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਨਹੀਂ ਹੈ (ਕਿਉਂਕਿ ਧਨ, ਰੁਪਿਆ-ਪੈਸਾ) ਤਾਂ ਮਰਨ ਸਮੇਂ ਇਥੇ ਹੀ ਰਹਿ ਜਾਂਦਾ ਹੈ; ਨਾਮ-ਧਨ ਹੀ ਨਾਲ ਨਿਭਦਾ ਹੈ। ਦੂਜੀ ਗੱਲ ਇਹ ਕਿ ਮਨੁੱਖ ਧਨ-ਸੰਪਤੀ ਜਿੰਨੀ ਮਰਜ਼ੀ ਇਕੱਠੀ ਕਰੀ ਜਾਵੇ, ਮਨ ਕਦੇ ਰੱਜਦਾ ਨਹੀਂ, ਭੁੱਖਾ ਤੇ ਕੰਗਾਲ ਹੀ ਰਹਿੰਦਾ ਹੈ]। ੪।

## *17. ਰਾਜਿਆਂ ਦੀ ਹਸਤੀ ਤੁੱਛ ਹੈ :*

ਸੰਸਾਰ ਦੇ ਬਲਸ਼ਾਲੀ ਰਾਜੇ ਵੀ ਅਸੀਮ ਸ਼ਕਤੀ ਦੇ ਮਾਲਕ ਪ੍ਰਭੂ ਅੱਗੇ ਬਹੁਤ ਨਿਗੂਣੇ ਜਿਹੇ ਹਨ। ਭਗਤ-ਜਨ ਰਾਜਿਆਂ ਦੇ ਜ਼ੁਲਮਾਂ ਤੋਂ ਨਹੀਂ ਡਰਦੇ ਅਤੇ ਰਾਜੇ ਭਗਤ-ਜਨਾਂ ਦਾ ਕੁਝ ਵਿਗਾੜ ਨਹੀਂ ਸਕਦੇ :

**ਕੋਊ ਹਰਿ ਸਮਾਨਿ ਨਹੀ ਰਾਜਾ ॥**
**ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ ॥ ੧ ॥ ਰਹਾਉ ॥**
**ਤੇਰੋ ਜਨੁ ਹੋਇ ਸੋਇ ਕਤ ਡੋਲੈ, ਤੀਨਿ ਭਵਨ ਪਰ ਛਾਜਾ ॥**
**ਹਾਥੁ ਪਸਾਰਿ ਸਕੈ ਕੋ ਜਨ ਕਉ, ਬੋਲਿ ਸਕੈ ਨ ਅੰਦਾਜਾ ॥ ੧ ॥**
**ਚੇਤਿ, ਅਚੇਤ ਮੂੜ ਮਨ ਮੇਰੇ, ਬਾਜੇ ਅਨਹਦ ਬਾਜਾ ॥**
**ਕਹਿ ਕਬੀਰ ਸੰਸਾ ਭ੍ਰਮੁ ਚੂਕੋ, ਧ੍ਰੂ ਪ੍ਰਹਿਲਾਦ ਨਿਵਾਜਾ ॥ ੨ ॥**

*(ਬਿਲਾਵਲੁ, ਕਬੀਰ ਜੀ, ਪੰਨਾ ੮੫੬)*

[**ਪਦ ਅਰਥ : ਦਿਵਾਜਾ**—ਦਿਖਲਾਵੇ। **ਛਾਜਾ**—ਛਾਇਆ ਰਹਿੰਦਾ ਹੈ, ਵਡਿਆਈ ਬਣੀ ਰਹਿੰਦੀ ਹੈ। **ਪਸਾਰਿ ਸਕੈ**—ਖਿਲਾਰ ਸਕਦਾ ਹੈ, ਚੁੱਕ ਸਕਦਾ ਹੈ। **ਅਨਹਦ ਬਾਜਾ**—ਇਕ ਰਸ ਅਨੰਦ ਦੇ ਵਾਜੇ। **ਕਹਿ**—ਕਹੇ, ਆਖਦਾ ਹੈ।]

[**ਅਰਥ :** ਸੰਸਾਰ ਵਿਚ ਕੋਈ ਵੀ ਰਾਜਾ ਪ੍ਰਭੂ ਦੇ ਬਰਾਬਰ ਨਹੀਂ ਹੈ। ਇਹ ਦੁਨੀਆਂ ਦੇ ਸਭ ਰਾਜੇ ਚਾਰ ਦਿਨਾਂ (ਭਾਵ ਥੋੜ੍ਹੇ ਸਮੇਂ) ਦੇ ਰਾਜੇ ਹੁੰਦੇ ਹਨ, ਇਹ ਆਪਣੇ ਰਾਜ-ਪ੍ਰਤਾਪ ਦੇ ਝੂਠੇ ਵਿਖਾਵੇ ਕਰਦੇ ਹਨ। ੧। ਰਹਾਉ।

ਹੇ ਵਾਹਿਗੁਰੂ! ਜਿਹੜਾ ਮਨੁੱਖ ਤੇਰਾ ਦਾਸ ਬਣ ਕੇ ਰਹਿੰਦਾ ਹੈ, ਉਹ ਦੁਨਿਆਵੀ ਰਾਜਿਆਂ ਦੇ ਸਾਹਮਣੇ ਘਬਰਾਉਂਦਾ ਨਹੀਂ, (ਕਿਉਂਕਿ ਤੇਰੇ ਸੇਵਕ ਦਾ ਪ੍ਰਤਾਪ) ਸਾਰੇ ਸੰਸਾਰ ਵਿਚ ਛਾਇਆ ਰਹਿੰਦਾ ਹੈ। ਹੱਥ ਚੁਕਣਾ ਤਾਂ ਇਕ ਪਾਸੇ, ਤੇਰੇ ਸੇਵਕ ਦੇ ਸਾਹਮਣੇ ਉਹ (ਰਾਜੇ) ਉੱਚਾ ਬੋਲ ਵੀ ਨਹੀਂ ਸਕਦੇ। ੧।

ਹੇ ਮੇਰੇ ਗ਼ਾਫ਼ਲ ਮਨ! ਤੂੰ ਵੀ ਪਰਮਾਤਮਾ ਨੂੰ ਸਿਮਰ, ਤਾਂ ਜੋ ਤੇਰੇ ਮਨ ਅੰਦਰ ਪ੍ਰਭੂ ਦੀ ਸਿਫ਼ਤ-ਸਾਲਾਹ ਦੇ ਲਗਾਤਾਰ ਵਾਜੇ ਵੱਜਣ (ਤੇ ਤੈਨੂੰ ਦੁਨਿਆਵੀ ਰਾਜਿਆਂ ਤੋਂ

ਕੋਈ ਘਬਰਾਹਟ ਨਾ ਹੋਵੇ)। ਕਬੀਰ ਆਖਦਾ ਹੈ—ਜਿਹੜਾ ਮਨੁੱਖ ਪ੍ਰਭੂ ਨੂੰ ਸਿਮਰਦਾ ਹੈ ਉਸਦਾ ਸਹਿਮ, ਉਸ ਦੀ ਭਟਕਣਾ ਸਭ ਦੂਰ ਹੋ ਜਾਂਦੇ ਹਨ, ਪ੍ਰਭੂ ਆਪਣੇ ਸੇਵਕ ਨੂੰ ਧ੍ਰੂਅ ਅਤੇ ਪ੍ਰਹਿਲਾਦ ਵਾਂਗ ਪਾਲਦਾ ਹੈ ਅਥਵਾ ਨਿਵਾਜਦਾ ਹੈ।]

## *18. ਸੂਰਬੀਰਤਾ—ਚੜ੍ਹਦੀ ਕਲਾ*

ਸੰਸਾਰ ਇਕ ਰਣ-ਭੂਮੀ ਹੈ। ਇਸ ਵਿਚ ਮਨੁੱਖ ਨੂੰ ਅੰਦਰੂਨੀ ਸ਼ਤਰੂਆਂ (ਵਿਕਾਰਾਂ) ਆਦਿ ਨਾਲ ਅਤੇ ਬਾਹਰੀ ਸ਼ਤਰੂਆਂ (ਜ਼ੁਲਮ ਕਰਨ ਵਾਲਿਆਂ) ਨਾਲ ਲੜਨਾ ਪੈਂਦਾ ਹੈ। ਦੋਹਾਂ ਹੀ ਰਣ-ਭੂਮੀਆਂ ਵਿਚ ਮਨ ਨੂੰ ਚੜ੍ਹਦੀ ਕਲਾ ਵਿਚ ਰੱਖ ਕੇ, ਸੀਸ ਤਲੀ ਤੇ ਰੱਖ ਕੇ, ਡਟ ਕੇ ਲੜਾਈ ਲੜਨੀ ਪੈਂਦੀ ਹੈ। ਅੰਦਰੂਨੀ ਅਤੇ ਬਾਹਰੀ ਦੋਹਾਂ ਤਰ੍ਹਾਂ ਦੇ ਸ਼ਤਰੂਆਂ 'ਤੇ ਜਿੱਤ ਪ੍ਰਾਪਤ ਕਰਨ ਵਾਲਾ ਹੀ ਅਸਲੀ ਸੂਰਮਾ (ਬਹਾਦਰ ਸਿਪਾਹੀ) ਹੁੰਦਾ ਹੈ। ਕਬੀਰ ਜੀ ਨਾਲੋ-ਨਾਲ ਲਿਖੇ ਦੋ ਸਲੋਕਾਂ ਵਿਚ ਅਜਿਹੇ ਬਹਾਦਰ ਸੂਰਮਿਆਂ ਦਾ ਜ਼ਿਕਰ ਕਰਦੇ ਹਨ :

### *(ੳ) ਵਿਕਾਰਾਂ ਨਾਲ ਯੁੱਧ*

**ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ ॥**
**ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥ ੧ ॥**

[**ਅਰਥ :** ਜਿਹੜਾ ਮਨੁੱਖ ਇਸ ਸੰਸਾਰ ਰੂਪੀ ਰਣ-ਭੂਮੀ ਵਿਚ ਦਲੇਰੀ ਨਾਲ ਵਿਕਾਰਾਂ ਦੇ ਟਾਕਰੇ ਤੇ ਅੜ ਖਲੋਤਾ ਹੈ, ਤੇ ਇਹ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਅਜਿਹਾ ਅਵਸਰ ਹੈ ਜਦੋਂ ਵਿਕਾਰਾਂ ਨਾਲ ਲੜਿਆ ਜਾ ਸਕਦਾ ਹੈ, ਉਹ ਅਸਲ ਸੂਰਮਾ ਹੈ। ਉਸ ਦੇ ਦਸਮ-ਦੁਆਰ ਵਿਚ ਨਗਾਰਾ ਵੱਜਦਾ ਹੈ, ਉਸ ਦੇ ਨਿਸ਼ਾਨੇ 'ਤੇ ਚੋਟ ਪੈਂਦੀ ਹੈ (ਭਾਵ—ਉਸਦਾ ਮਨ ਪ੍ਰਭੂ ਦੀ ਹਜ਼ੂਰੀ ਵਿਚ ਉੱਚੀਆਂ ਉਡਾਰੀਆਂ ਲਾਉਂਦਾ ਹੈ, ਜਿਥੇ ਵਿਕਾਰਾਂ ਦੀ ਸੁਣਵਾਈ ਨਹੀਂ ਹੋ ਸਕਦੀ, ਉਸ ਦੇ ਹਿਰਦੇ ਵਿਚ ਪ੍ਰਭੂ ਵਿਚ ਜੁੜੇ ਰਹਿਣ ਦੀ ਧੂਹ (ਖਿੱਚ) ਪੈਂਦੀ ਹੈ। ੧।]

### *(ਅ) ਜ਼ੁਲਮ ਵਿਰੁੱਧ ਯੁੱਧ :*

**ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥**

*(ਰਾਗੁ ਮਾਰੂ, ਸਲੋਕ ਕਬੀਰ ਜੀ, ਪੰਨਾ ੧੧੦੫)*

[**ਅਰਥ :** ਉਸ ਮਨੁੱਖ ਨੂੰ ਸੂਰਮਾ (ਬਹਾਦਰ ਯੋਧਾ) ਸਮਝਣਾ ਚਾਹੀਦਾ ਹੈ, ਜੋ ਗਰੀਬਾਂ (ਅਤੇ ਲਿਤਾੜੇ ਜਾ ਰਹੇ ਲੋਕਾਂ) ਵਾਸਤੇ ਲੜਦਾ ਹੈ। ਇੰਞ ਲੜਦਾ ਹੋਇਆ ਟੋਟੇ ਟੋਟੇ ਹੋ ਕੇ ਮਰ ਜਾਂਦਾ ਹੈ, ਪਰ ਲੜਾਈ ਦਾ ਮੈਦਾਨ ਨਹੀਂ ਛੱਡਦਾ (ਪੈਰ ਪਿੱਛੇ ਨਹੀਂ ਮੁੜਦਾ, ਆਪਣੀ ਜਾਨ ਬਚਾਉਣ ਖਾਤਰ ਗਰੀਬਾਂ ਦੀ ਬਾਂਹ ਨਹੀਂ ਛੱਡਦਾ)। ੨।

ਇਕ ਹੋਰ ਸ਼ਬਦ ਵਿਚ ਵੀ ਕਬੀਰ ਜੀ ਭਗਤੀ ਵਿਚ ਲੱਗੇ ਮਨੁੱਖ ਨੂੰ ਸੂਰਮਿਆਂ ਦੀ ਤਰ੍ਹਾਂ ਡਟ ਕੇ ਵਿਕਾਰਾਂ ਦਾ ਟਾਕਰਾ ਕਰਨ ਅਤੇ ਸਤੀ ਹੋਣ ਲਈ ਤਿਆਰ ਇਸਤ੍ਰੀ ਦੀ ਤਰ੍ਹਾਂ ਨਿਡਰ ਹੋ ਕੇ ਪ੍ਰਭੂ ਦੀ ਸਿਫ਼ਤ-ਸਾਲਾਹ ਕਰਨ ਦੀ ਪ੍ਰੇਰਨਾ ਦਿੰਦੇ ਹਨ। (ਲੜਾਈ

ਭਾਵੇਂ ਵਿਕਾਰਾਂ ਨਾਲ ਅਤੇ ਸੰਸਾਰਕ ਮੋਹ ਨਾਲ ਹੋਵੇ, ਭਾਵੇਂ ਰਣ-ਭੂਮੀ ਵਿਚ ਯੋਧਿਆਂ ਨਾਲ, ਦੋਵੇਂ ਥਾਂ ਦਲੇਰੀ, ਦ੍ਰਿੜ੍ਹਤਾ ਅਤੇ ਨਿਡਰਤਾ ਦੀ ਲੋੜ ਹੁੰਦੀ ਹੈ।]

**ਮਨ ਰੇ ਛਾਡਹੁ ਭਰਮੁ, ਪ੍ਰਗਟ ਹੋਇ ਨਾਚਹੁ**
**ਇਆ ਮਾਇਆ ਕੇ ਡਾਂਡੇ॥**
**ਸੂਰੁ ਕਿ ਸਨਮੁਖ ਰਨ ਤੇ ਡਰਪੈ, ਸਤੀ ਕਿ ਸਾਂਚੈ ਭਾਂਡੇ॥ ੧॥**
**ਡਗਮਗ ਛਾਡਿ ਰੇ ਮਨ ਬਉਰਾ॥**
**ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨੋ ਹਾਥਿ ਸੰਧਉਰਾ॥ ੧॥ ਰਹਾਉ॥**
**ਕਾਮ ਕ੍ਰੋਧ ਮਾਇਆ ਕੇ ਲੀਨੇ, ਇਆ ਬਿਧਿ ਜਗਤੁ ਬਿਗੂਤਾ॥**
**ਕਹਿ ਕਬੀਰ ਰਾਜਾ ਰਾਮ ਨ ਛੋਡਉ, ਸਗਲ ਊਚ ਤੇ ਊਚਾ॥ ੨॥**

*(ਪੰਨਾ ੩੩੮)*

[**ਪਦ ਅਰਥ : ਨਾਚਹੁ**—ਨੱਚ, ਦਲੇਰ ਹੋ ਕੇ ਪ੍ਰਭੂ ਦੀ ਸ਼ਰਨ ਆ। **ਪ੍ਰਗਟ ਹੋਇ**—ਨਿਡਰ ਹੋ ਕੇ, ਵਿਕਾਰਾਂ ਦਾ ਡਰ ਦੂਰ ਕਰ ਕੇ। **ਡਾਂਡੇ**—ਡੰਡ, ਠੱਗੀ। **ਸਾਂਚੈ**—ਇਕੱਠੇ ਕਰੇ, ਸਾਂਭੇ। **ਜਰੇ**—ਸੜ ਕੇ। **ਸਿਧਿ**—ਕਾਮਯਾਬੀ, ਸਫ਼ਲਤਾ। **ਸੰਧਉਰਾ**—ਸੰਧੂਰ ਲੱਗਾ ਹੋਇਆ ਨਾਰੀਅਲ [ਜਿਹੜੀ ਇਸਤ੍ਰੀ ਮਰੇ ਪਤੀ ਦੇ ਨਾਲ ਸਤੀ ਹੋਣ (ਸੜ ਮਰਨ) ਲਈ ਤਿਆਰ ਹੁੰਦੀ ਸੀ, ਉਹ ਹੱਥ ਵਿਚ ਨਾਰੀਅਲ ਲੈ ਲੈਂਦੀ ਸੀ ਤੇ ਉਸ ਨੂੰ ਸੰਧੂਰ ਲਾ ਲੈਂਦੀ ਸੀ; ਇਹ ਸੰਧੂਰਿਆ ਹੋਇਆ ਨਾਰੀਅਲ ਹੱਥ ਵਿਚ ਲੈ ਕੇ ਉਸ ਨੂੰ ਸਤੀ ਜ਼ਰੂਰ ਹੋਣਾ ਪੈਂਦਾ ਸੀ, ਨਹੀਂ ਤਾਂ ਲੋਕ ਬਦੋ-ਬਦੀ ਹੀ ਉਸ ਨੂੰ ਬਲਦੀ ਚਿਖਾ ਵਿਚ ਸੁੱਟ ਕੇ ਸਾੜ ਦਿੰਦੇ ਸਨ। **ਲੀਨੇ**—ਠੱਗੇ ਹੋਏ। **ਇਆ ਬਿਧਿ**—ਇਨ੍ਹਾਂ ਤਰੀਕਿਆਂ ਨਾਲ। **ਬਿਗੂਤਾ**—ਖ਼ੁਆਰ ਹੋ ਰਿਹਾ ਹੈ।]

[**ਅਰਥ** : ਹੇ ਮਨ! ਵਿਕਾਰ ਦੇ ਪਿੱਛੇ ਦੌੜ ਭੱਜ ਛੱਡ ਦੇ, (ਇਹ ਕਾਮ, ਕ੍ਰੋਧ, ਆਦਿਕ) ਸਭ ਮਾਇਆ ਦੀਆਂ ਠੱਗੀਆਂ ਹਨ (ਜਦ ਤੂੰ ਪਰਮਾਤਮਾ ਦੀ ਸ਼ਰਨ ਵਿਚ ਆ ਗਿਆ ਹੈਂ ਤਾਂ ਇਨ੍ਹਾਂ ਤੋਂ ਕਿਉਂ ਡਰੇਂ? ਹੁਣ ਤੂੰ ਨਿਡਰ ਹੋ ਕੇ ਉਤਸ਼ਾਹ ਵਿਚ ਰਹਿ)। ਉਹ ਸੂਰਮਾ (ਯੋਧਾ) ਕਾਹਦਾ ਜੋ ਸਾਹਮਣੇ ਦਿੱਸਦੀ ਰਣ-ਭੂਮੀ ਤੋਂ ਡਰ ਜਾਏ? ਉਹ ਇਸਤ੍ਰੀ ਸਤੀ ਨਹੀਂ ਹੋ ਸਕਦੀ ਜੋ ਘਰ ਦੇ ਭਾਂਡੇ ਸਾਂਭਣ ਲੱਗ ਪਵੇ। ੧।

ਹੇ ਝੱਲੇ ਮਨ! ਜੱਕੋ-ਤੱਕੋ ਛੱਡ ਦੇ। ਜਿਸ ਇਸਤ੍ਰੀ ਨੇ ਹੱਥ ਵਿਚ ਸੰਧੂਰ ਲੱਗਾ ਨਾਰੀਅਲ ਲੈ ਲਿਆ ਹੈ, ਉਸ ਨੂੰ ਤਾਂ ਸੜ ਕੇ ਮਰਿਆਂ ਹੀ ਸਿੱਧੀ (ਸਫਲਤਾ—ਭਾਵ, ਸਤੀ ਦੀ ਪਦਵੀ) ਮਿਲੇਗੀ, ਹੁਣ ਤੂੰ ਡੋਲਣਾ ਛੱਡ ਦੇ। ੧। ਰਹਾਉ।

ਕਿਸੇ ਨੂੰ ਕਾਮ ਨੇ, ਕਿਸੇ ਨੂੰ ਕ੍ਰੋਧ ਨੇ ਅਤੇ ਕਿਸੇ ਨੂੰ ਮਾਇਆ (ਦੀ ਕਿਸੇ ਹੋਰ ਤਰੰਗ) ਨੇ ਠੱਗ ਲਿਆ ਹੈ—ਇਸ ਤਰ੍ਹਾਂ ਜਗਤ ਖ਼ੁਆਰ ਹੋ ਰਿਹਾ ਹੈ। ਕਬੀਰ ਤਾਂ (ਇਨ੍ਹਾਂ ਤੋਂ ਬਚਣ ਲਈ) ਇਹੀ ਆਖਦਾ (ਅਰਦਾਸ ਕਰਦਾ) ਹੈ ਕਿ ਮੈਂ ਸਭ ਤੋਂ ਉੱਚੇ ਮਾਲਕ ਪ੍ਰਭੂ ਨੂੰ ਨਾ ਵਿਸਾਰਾਂ]।

## 19. ਯੋਗ-ਮਤ ਦੀ ਥਾਂ ਨਾਮ-ਮਾਰਗ

ਕਬੀਰ ਸਾਹਿਬ ਦੀ ਬਾਣੀ ਵਿਚ ਯੋਗ-ਮਤ (ਪ੍ਰਾਣਾਯਾਮ) ਵਾਲੀ ਸ਼ਬਦਾਵਲੀ ਵੇਖ ਕੇ ਕਈ ਉਨ੍ਹਾਂ ਨੂੰ ਯੋਗ-ਮਤ ਤੋਂ ਪ੍ਰਭਾਵਿਤ ਜਾਂ ਯੋਗ-ਮਤ ਦੇ ਪ੍ਰੇਰਕ ਦੱਸਦੇ ਹਨ। ਇਹ ਗੱਲ ਭਰਮ ਵਿਚ ਪੈਣ ਵਾਲੀ ਹੈ। ਕਬੀਰ ਸਾਹਿਬ ਨੇ ਯੋਗ ਮਤ ਦਾ ਵਿਰੋਧ ਅਤੇ ਨਾਮ-ਮਾਰਗ ਦਾ ਪ੍ਰਚਾਰ ਕੀਤਾ ਹੈ, ਜਿਸ ਵਿਚ ਪ੍ਰਭੂ-ਪਿਆਰ, ਸ਼ਰਧਾ, ਤਰਕ ਅਤੇ ਗਿਆਨ ਦਾ ਸੁਮੇਲ ਹੈ।ਅਸਲ ਗੱਲ ਇਹ ਹੈ ਕਿ ਭਗਤੀ ਕਾਲ ਦੇ ਸਮੇਂ ਯੋਗ-ਮਤ ਦਾ ਵੀ ਬੋਲਬਾਲਾ ਸੀ ਅਤੇ ਯੋਗ-ਦਰਸ਼ਨ ਇਕ ਸ਼ਕਤੀਸ਼ਾਲੀ ਫਲਸਫੇ ਦਾ ਰੂਪ ਧਾਰੀ ਬੈਠਾ ਸੀ। ਗੁਰੂ ਸਾਹਿਬਾਂ ਅਤੇ ਭਗਤਾਂ ਨੇ ਯੋਗ ਦੀ ਸ਼ਬਦਾਵਲੀ ਵਰਤ ਕੇ ਯੋਗ ਦਾ ਨਿਖੇਧ ਅਤੇ ਨਾਮ-ਮਾਰਗ ਦਾ ਪ੍ਰਚਾਰ ਕੀਤਾ ਹੈ। ਇਸ ਸਬੰਧ ਵਿਚ ਕਬੀਰ ਸਾਹਿਬ ਦੀ ਬਾਣੀ ਵਿਚੋਂ ਕੁਝ ਉਦਾਹਰਣਾਂ ਹਾਜ਼ਰ ਹਨ :

ਜੋਗੀ ਕਹਹਿ ਜੋਗੁ ਭਲ ਮੀਠਾ, ਅਵਰੁ ਨ ਦੂਜਾ ਭਾਈ ॥
ਰੁੰਡਿਤ ਮੁੰਡਿਤ ਏਕੈ ਸਬਦੀ, ਏਇ ਕਹਹਿ ਸਿਧਿ ਪਾਈ ॥ ੧ ॥
ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥
ਜਾ ਪਹਿ ਜਾਉ ਆਪੁ ਛੁਟਕਾਵਨਿ, ਤੇ ਬਾਧੇ ਬਹੁ ਫੰਧਾ ॥ ੧ ॥ ਰਹਾਉ ॥

(ਪੰਨਾ ੩੩੪)

[ਅਰਥ : ਯੋਗੀ ਆਖਦੇ ਹਨ—ਹੇ ਭਾਈ! ਯੋਗ ਦਾ ਮਾਰਗ ਹੀ ਚੰਗਾ ਤੇ ਮਿੱਠਾ ਹੈ, ਇਸ ਵਰਗਾ ਹੋਰ ਕੋਈ ਮਾਰਗ/ਸਾਧਨ ਨਹੀਂ ਹੈ। ਸਰੇਵੜੇ, ਸੰਨਿਆਸੀ, ਅਵਧੂਤ; ਇਹ ਸਾਰੇ ਆਖਦੇ ਹਨ ਕਿ ਅਸਾਂ ਹੀ ਸਿੱਧੀ ਪ੍ਰਾਪਤ ਕੀਤੀ ਹੈ। ੧।

ਅੰਨ੍ਹੇ ਲੋਕ ਪਰਮਾਤਮਾ ਨੂੰ ਭੁਲਾ ਕੇ (ਪ੍ਰਭੂ ਦੀ ਸਿਫ਼ਤਿ-ਸਾਲਾਹ ਛੱਡ ਕੇ) ਭੁਲੇਖੇ ਵਿਚ ਪਏ ਹੋਏ ਹਨ। ਮੈਂ ਜਿਸ ਜਿਸ ਕੋਲ ਹਉਮੈ ਤੋਂ ਛੁਟਕਾਰਾ ਕਰਾਉਣ ਜਾਂਦਾ ਹਾਂ, ਉਹ ਸਾਰੇ ਆਪ ਹੀ ਹਉਮੈ ਦੀਆਂ ਕਈ ਫਾਹੀਆਂ ਵਿਚ ਬੱਧੇ ਹੋਏ ਹਨ]।

ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ, ਪਰਮਿਤਿ ਬਾਹਰਿ ਖਿੰਥਾ ॥
ਸੁੰਨ ਗੁਫਾ ਮਹਿ ਆਸਣੁ ਬੈਸਣੁ, ਕਲਪ ਬਿਬਰਜਿਤ ਪੰਥਾ ॥ ੧ ॥
ਮੇਰੇ ਰਾਜਨ, ਮੈ ਬੈਰਾਗੀ ਜੋਗੀ ॥ ਮਰਤ ਨ ਸੋਗ ਬਿਓਗੀ ॥ ੧ ॥ ਰਹਾਉ ॥
ਖੰਡ ਬ੍ਰਹਿਮੰਡ ਮਹਿ ਸਿੰਙੀ, ਮੇਰਾ ਬਟੂਆ ਸਭੁ ਜਗੁ ਭਸਮਾਧਾਰੀ ॥
ਤਾੜੀ ਲਾਗੀ ਤ੍ਰਿਪਲੁ ਪਲਟੀਐ, ਛੂਟੈ ਹੋਇ ਪਸਾਰੀ ॥ ੨ ॥
ਮਨੁ ਪਵਨੁ ਦੁਇ ਤੂੰਬਾ ਕਰੀ ਹੈ, ਜੁਗ ਜੁਗ ਸਾਰਦ ਸਾਜੀ ॥
ਥਿਰੁ ਭਈ ਤੰਤੀ ਤੂਟਸਿ ਨਾਹੀ, ਅਨਹਦ ਕਿੰਗੁਰੀ ਬਾਜੀ ॥ ੩ ॥
ਸੁਨਿ ਮਨ ਮਗਨ ਭਏ ਹੈ ਪੂਰੇ, ਮਾਇਆ ਡੋਲ ਨ ਲਾਗੀ ॥
ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ, ਖੇਲਿ ਗਇਓ ਬੈਰਾਗੀ ॥ ੪ ॥

(ਪੰਨਾ ੩੩੪)

[ਪਦ ਅਰਥ : ਸੁਰਤਿ—ਸੁਣਨਾ, ਪ੍ਰਭੂ ਵਿਚ ਧਿਆਨ ਜੋੜਨਾ। ਸਿਮ੍ਰਿਤ—ਯਾਦ

ਕਰਨਾ, ਸਿਮਰਨਾ। **ਪ੍ਰਮਿਤਿ**—ਸਹੀ, ਵਾਕਫੀਅਤ, ਸੱਚਾ ਗਿਆਨ। **ਖਿੰਥਾ**—ਗੋਦੜੀ। **ਸੁੰਨ**—ਉਹ ਹਾਲਤ ਜਿਥੇ ਮਾਇਆ ਦਾ ਕੋਈ ਫੁਰਨਾ ਨਾ ਉੱਠੇ। **ਕਲਪ**—ਕਲਪਨਾ। **ਪੰਥ**—ਧਾਰਮਿਕ ਰਸਤਾ। **ਬੈਰਾਗੀ**—ਵੈਰਾਗਵਾਨ, ਲਗਨ ਵਾਲਾ। **ਮਰਤ**—ਮੌਤ। **ਬਿਓਗੀ**—ਵਿਯੋਗ, ਵਿਛੋੜਾ। **ਸਿੰਙੀ**—ਸਿੰਗੀ, ਜੋ ਯੋਗੀ ਵਜਾਉਂਦੇ ਹਨ। **ਬਟੂਆ**—ਸੁਆਹ (ਵਿਭੂਤੀ) ਰੱਖਣ ਲਈ ਯੋਗੀਆਂ ਦਾ ਥੈਲਾ। **ਭਸਮਾਧਾਰੀ**—ਸੁਆਹ ਪਾਣ ਵਾਲਾ। **ਤ੍ਰਿਪਲੁ**—ਤ੍ਰਿਗੁਣੀ ਮਾਇਆ। **ਪਸਾਰੀ**—ਗ੍ਰਿਹਸਤੀ। **ਪਵਨੁ**—ਸੁਆਸ। **ਤੂੰਬਾ**—ਇਕ ਕਿਸਮ ਦਾ ਸੁੱਕਾ ਹੋਇਆ ਕੱਦੂ, ਜੋ ਸਿਤਾਰ, ਵੀਣਾ ਆਦਿਕ ਤੰਤੀ ਸਾਜ਼ਾਂ ਵਿਚ ਵਰਤਿਆ ਜਾਂਦਾ ਹੈ। **ਸਾਰਦ**—ਵੀਣਾ ਦੀ ਡੰਡੀ। **ਸਾਜੀ**—ਬਣਾਈ। **ਜੁਗ ਜੁਗ**—ਯੁਗਾਂ ਯੁਗਾਂ ਵਿਚ ਥਿਰ ਪ੍ਰਭੂ। **ਡੋਲ**—ਲਹਿਰ, ਹੁਲਾਰਾ। **ਪੁਨਰਪਿ**—ਫਿਰ ਕਦੇ। **ਖੇਲ ਗਇਓ**—ਐਸੀ ਖੇਲ ਖੇਡ ਜਾਂਦਾ ਹੈ।]

[**ਅਰਥ :** ਪ੍ਰਭੂ ਦੇ ਚਰਨਾਂ ਵਿਚ ਸੁਰਤ ਜੋੜਨੀ ਤੇ ਪ੍ਰਭੂ ਦਾ ਨਾਮ ਸਿਮਰਨਾ—ਇਹ ਮਾਨੋ, ਮੈਂ ਦੋਹਾਂ ਕੰਨਾਂ ਵਿਚ ਮੁੰਦਰਾਂ ਪਾਈਆਂ ਹੋਈਆਂ ਹਨ। ਪ੍ਰਭੂ ਦਾ ਯਥਾਰਥ ਗਿਆਨ ਰੂਪੀ ਗੋਦੜੀ ਮੈਂ ਆਪਣੇ ਉਤੇ ਲਈ ਹੋਈ ਹੈ। ਅਫੁਰ-ਅਵਸਥਾ ਰੂਪੀ ਗੁਫਾ ਵਿਚ ਮੈਂ ਆਸਣ ਲਾਈ ਬੈਠਾ ਹਾਂ (ਭਾਵ—ਮੇਰਾ ਮਨ ਹੀ ਮੇਰੀ ਗੁਫਾ ਹੈ, ਜਿਥੇ ਮੈਂ ਦੁਨੀਆਂ ਦੇ ਧੰਦਿਆਂ ਵਾਲੇ ਕੋਈ ਫੁਰਨੇ ਉਠਣ ਨਹੀਂ ਦਿੰਦਾ ਤੇ ਇਸ ਤਰ੍ਹਾਂ ਮਾਨੋ ਆਪਣੇ ਅੰਦਰ, ਇਕ ਇਕਾਂਤ ਵਿਚ ਬੈਠਾ ਹੋਇਆ ਹਾਂ)। ਦੁਨੀਆਂ ਦੀਆਂ ਕਲਪਨਾ ਤਿਆਗ ਦੇਣੀਆਂ—ਇਹ ਮੇਰਾ 'ਯੋਗ ਦਾ ਪੰਥ' ਹੈ। ੧।

ਹੇ ਮੇਰੇ ਪਾਤਸ਼ਾਹ-ਪ੍ਰਭੂ! ਮੈਂ ਤੇਰੀ ਯਾਦ ਦੀ ਲਗਨ ਵਾਲਾ ਯੋਗੀ ਹਾਂ, ਇਸ ਲਈ ਮੌਤ ਦਾ ਡਰ, ਚਿੰਤਾ ਤੇ ਵਿਛੋੜਾ ਮੈਨੂੰ ਪੋਹਦੇ ਨਹੀਂ। ੧। ਰਹਾਉ।

ਸਾਰੇ ਖੰਡਾਂ-ਬ੍ਰਹਿਮੰਡਾਂ ਵਿਚ (ਪ੍ਰਭੂ ਦੀ ਵਿਆਪਕਤਾ ਦਾ ਸਭ ਨੂੰ ਸੁਨੇਹਾ ਦੇਣਾ)—ਇਹ ਮਾਨੋਂ, ਮੈਂ ਸਿੰਙੀ (ਸਿੰਗੀ) ਵਜਾ ਰਿਹਾ ਹਾਂ। ਸਾਰੇ ਸੰਸਾਰ ਨੂੰ ਨਾਸ਼ਵਾਨ ਸਮਝਣਾ—ਇਹ ਮੇਰੇ ਲਈ ਸੁਆਹ ਪਾਉਣ ਵਾਲਾ ਥੈਲਾ ਹੈ। ਤ੍ਰੈਗੁਣੀ ਮਾਇਆ ਨੂੰ ਮੈਂ ਪਰਤਾਅ ਦਿੱਤਾ ਹੈ—ਇਹ ਸਮਝੋ, ਮੈਂ ਤਾੜੀ (ਸਮਾਧੀ) ਲਾਈ ਹੋਈ ਹੈ। ਇਸ ਤਰ੍ਹਾਂ ਮੈਂ ਗ੍ਰਿਹਸਤੀ ਹੁੰਦਾ ਹੋਇਆ ਵੀ ਮੁਕਤ ਹਾਂ। ੨।

ਮੇਰੇ ਅੰਦਰ ਲਗਾਤਾਰ ਕਿੰਗੁਰੀ (ਵੀਣਾ) ਵੱਜ ਰਹੀ ਹੈ। ਮੇਰਾ ਮਨ ਅਤੇ ਸੁਆਸ ਉਸ ਦੇ ਦੋ ਤੂੰਬੇ ਹਨ। ਸਦਾ ਥਿਰ ਰਹਿਣ ਵਾਲਾ ਪ੍ਰਭੂ (ਮਨ ਤੇ ਸੁਆਸ ਦੋਹਾਂ ਤੂੰਬਿਆਂ ਨੂੰ ਜੋੜਨ ਵਾਲੀ) ਮੈਂ ਡੰਡੀ ਬਣਾਈ ਹੋਈ ਹੈ। ਸੁਰਤ ਦੀ ਤਾਰ (ਉਸ ਕਿੰਗੁਰੀ ਦੀ ਵੱਜਣ ਵਾਲੀ ਤੰਤੀ) ਮਜ਼ਬੂਤ ਹੋ ਗਈ ਹੈ, ਕਦੇ ਟੁੱਟਦੀ ਨਹੀਂ। ੩।

(ਇਸ ਅੰਦਰਲੀ ਕਿੰਗੁਰੀ ਦੇ ਰਾਗ ਨੂੰ) ਸੁਣ ਕੇ ਮੇਰਾ ਮਨ ਇਸ ਤਰ੍ਹਾਂ ਪੂਰਨ ਤੌਰ ਤੇ ਮਸਤ ਹੋ ਗਿਆ ਹੈ ਕਿ ਇਸ ਨੂੰ ਮਾਇਆ ਦਾ ਧੱਕਾ ਨਹੀਂ ਵੱਜ ਸਕਦਾ। ਹੇ ਕਬੀਰ! ਜਿਹੜਾ ਲਗਨ ਵਾਲਾ ਯੋਗੀ ਅਜਿਹੀ ਖੇਡ, ਖੇਡ ਕੇ ਜਾਂਦਾ ਹੈ ਉਸ ਦਾ ਫਿਰ ਕਦੀ ਜਨਮ-ਮਰਨ ਨਹੀਂ ਹੁੰਦਾ। ੪।]

ਇਸ ਸ਼ਬਦ ਤੋਂ ਸਪੱਸ਼ਟ ਹੈ ਕਿ ਅਸਲ ਯੋਗੀ ਉਹ ਹੈ, ਜਿਹੜਾ ਗ੍ਰਿਹਸਤ ਵਿਚ

ਰਹਿੰਦਾ ਹੋਇਆ ਪ੍ਰਭੂ ਦੀ ਯਾਦ ਵਿਚ ਸੁਰਤ (ਧਿਆਨ) ਜੋੜਦਾ ਹੈ, ਆਪਣੇ ਮਨ ਵਿਚ ਵਿਕਾਰਾਂ ਦੇ ਫੁਰਨੇ ਤੇ ਕਲਪਨਾ ਉੱਠਣ ਨਹੀਂ ਦਿੰਦਾ, ਜਗਤ ਨੂੰ ਨਾਸ਼ਵਾਨ ਸਮਝ ਕੇ ਇਸ ਦੇ ਮੋਹ ਵਿਚ ਨਹੀਂ ਫਸਦਾ, ਦੁਨੀਆਂ ਦੇ ਕੰਮ-ਧੰਦੇ ਕਰਦਾ ਹੋਇਆ ਵੀ ਸੁਆਸ ਸੁਆਸ ਸਿਮਰਨ ਕਰਦਾ ਹੈ ਤੇ ਯਾਦ ਦੀ ਇਸ ਤਾਰ ਨੂੰ ਟੁੱਟਣ ਨਹੀਂ ਦਿੰਦਾ। ਅਜਿਹੇ ਜੋਗੀ ਨੂੰ ਮਾਇਆ ਕਦੇ ਭਰਮਾ ਨਹੀਂ ਸਕਦੀ।

**ਖਿੰਥਾ ਗਿਆਨ, ਧਿਆਨ ਕਰਿ ਸੂਈ, ਸਬਦੁ ਤਾਗਾ ਮਥਿ ਘਾਲੈ॥**
**ਪੰਚ ਤਤੁ ਕੀ ਕਰਿ ਮਿਰਗਾਣੀ, ਗੁਰ ਕੈ ਮਾਰਗਿ ਚਾਲੈ॥ ੨॥**
**ਦਇਆ ਫਾਹੁਰੀ, ਕਾਇਆ ਕਰਿ ਧੂਈ, ਦ੍ਰਿਸਟਿ ਕੀ ਅਗਨਿ ਜਲਾਵੈ॥**
**ਤਿਸ ਕਾ ਭਾਉ ਲਏ ਰਿਦ ਅੰਤਰਿ, ਚਹੁ ਜੁਗ ਤਾੜੀ ਲਾਵੈ॥ ੩॥**
**ਸਭ ਜੋਗਤਣ ਰਾਮ ਨਾਮੁ ਹੈ, ਜਿਸ ਕਾ ਪਿੰਡੁ ਪਰਾਨਾ॥**
**ਕਹੁ ਕਬੀਰ ਜੇ ਕਿਰਪਾ ਧਾਰੈ, ਦੇਇ ਸਚਾ ਨੀਸਾਨਾ॥ ੪॥** *(ਪੰਨਾ ੪੭੭)*

[**ਪਦ ਅਰਥ :** **ਖਿੰਥਾ**—ਗੋਦੜੀ। **ਮਥਿ**—ਵੱਟ ਕੇ। **ਪੰਚ ਤਤੁ**—ਸਰੀਰ, ਜੋ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ। **ਮਿਰਗਾਣੀ**—ਮ੍ਰਿਗਛਾਲਾ, ਆਸਣ। **ਫਾਹੁਰੀ**—ਸੁਆਹ ਇਕੱਠੀ ਕਰਨ ਵਾਲੀ ਪਹੌੜੀ (ਫੌਹੜੀ)। **ਧੂਈ**—ਧੂਣੀ। **ਤਾੜੀ ਲਾਵੈ**—ਸੁਰਤ ਜੋੜੀ ਰੱਖਦਾ ਹੈ। **ਜੋਗਤਣ**—ਯੋਗ ਕਮਾਉਣ ਦਾ ਉੱਦਮ। **ਪਿੰਡ**—ਸਰੀਰ। **ਸੱਚਾ**—ਹਮੇਸ਼ਾ ਟਿਕਿਆ ਰਹਿਣ ਵਾਲਾ। **ਨੀਸਾਨਾ**—ਨਿਸ਼ਾਨ, ਮੱਥੇ ਉੱਤੇ ਨੂਰ।]

[**ਅਰਥ :** ਅਸਲ ਯੋਗੀ ਗਿਆਨ ਦੀ ਗੋਦੜੀ ਬਣਾਉਂਦਾ ਹੈ, ਪ੍ਰਭੂ ਚਰਨਾਂ ਵਿਚ ਜੁੜੀ ਹੋਈ ਸੁਰਤ ਰੂਪੀ ਸੂਈ ਤਿਆਰ ਕਰਦਾ ਹੈ, ਗੁਰੂ ਦਾ ਸ਼ਬਦ-ਰੂਪ ਧਾਗਾ ਵੱਟ ਕੇ, ਉਸ ਸੂਈ ਵਿਚ ਪਾਉਂਦਾ ਹੈ, ਸਰੀਰ ਦੇ ਮੋਹ ਨੂੰ, ਪੈਰਾਂ ਹੇਠ ਦੇ ਕੇ ਸਤਿਗੁਰੂ ਦੇ ਦੱਸੇ ਹੋਏ ਰਾਹ ਤੇ ਤੁਰਦਾ ਹੈ। ੨।

ਅਸਲ ਯੋਗੀ ਆਪਣੇ ਸਰੀਰ ਦੀ ਧੂਣੀ ਬਣਾ ਕੇ, ਉਸ ਵਿਚ (ਪ੍ਰਭੂ ਨੂੰ ਹਰ ਥਾਂ ਵੇਖਣ ਵਾਲੀ ਨਜ਼ਰ ਦੀ) ਅੱਗ ਬਾਲਦਾ ਹੈ (ਤੇ ਇਸ ਸਰੀਰ ਰੂਪ ਧੂਏਂ ਵਿਚ ਸ਼ੁਭ ਗੁਣ ਇਕੱਠੇ ਕਰਨ ਲਈ) ਦਇਆ ਨੂੰ ਫੌਹੜੀ ਬਣਾਉਂਦਾ ਹੈ, ਉਸ ਪਰਮਾਤਮਾ ਦਾ ਪਿਆਰ ਆਪਣੇ ਹਿਰਦੇ ਵਿਚ ਵਸਾਉਂਦਾ ਹੈ ਤੇ ਇਸ ਤਰ੍ਹਾਂ ਸਦਾ ਲਈ ਆਪਣੀ ਸੁਰਤ ਨੂੰ ਪ੍ਰਭੂ ਚਰਨਾਂ ਵਿਚ ਜੋੜੀ ਰੱਖਦਾ ਹੈ। ੩।

ਹੇ ਕਬੀਰ! ਜਿਸ ਪ੍ਰਭੂ ਦਾ ਦਿੱਤਾ ਹੋਇਆ ਇਹ ਸਰੀਰ ਤੇ ਜਿੰਦ ਹਨ, ਉਸ ਦਾ ਨਾਮ ਸਿਮਰਨਾ ਯੋਗ ਦਾ ਸਭ ਤੋਂ ਚੰਗਾ ਕੰਮ (ਉਦਮ) ਹੈ। ਜੇ ਪਰਮਾਤਮਾ ਆਪ ਮਿਹਰ ਕਰੇ ਤਾਂ ਉਹ ਇਹ ਸਦਾ ਕਾਇਮ ਰਹਿਣ ਵਾਲਾ ਨੂਰ ਬਖ਼ਸ਼ਦਾ ਹੈ। ੪।]

## *20. ਆਪਾ-ਭਾਵ ਦਾ ਤਿਆਗ*

ਹਉਮੈਂ, ਆਪਣੀ ਵੱਖਰੀ ਹੋਂਦ ਦਾ ਅਹਿਸਾਸ ਅਤੇ ਵੱਖਰੀ ਹੋਂਦ ਤੇ ਮਾਣ ਆਪਾ-ਭਾਵ ਦੀਆਂ ਨਿਸ਼ਾਨੀਆਂ ਹਨ। ਪ੍ਰਭੂ ਦੇ ਨੇੜੇ ਹੋਣ ਲਈ ਹਉਂ-ਹਉਂ (ਮੈਂ-ਮੈਂ) ਦਾ ਤਿਆਗ ਅਤੇ 'ਕੇਵਲ ਤੂੰ-ਹੈਂ' 'ਕੇਵਲ ਤੂੰ ਹੈਂ' ਦਾ ਵਿਸ਼ਵਾਸ ਬਹੁਤ ਜ਼ਰੂਰੀ ਹੈ। ਤੂੰ-ਤੂੰ ਕਰਦਾ

ਮਨੁੱਖ 'ਤੂੰ' (ਪਰਮਾਤਮਾ ਜਿਹਾ) ਹੋ ਨਿਬੜਦਾ ਹੈ, ਪਰ, ਇਸ ਲਈ ਆਪਾ-ਭਾਵ ਦੇ ਪੂਰਨ ਤਿਆਗ ਦੀ ਲੋੜ ਹੈ। ਕਬੀਰ ਸਾਹਿਬ ਫ਼ੁਰਮਾਉਂਦੇ ਹਨ :

**ਕਬੀਰ ਜਾ ਦਿਨ ਹਉ ਮੂਆ, ਪਾਛੈ ਭਇਆ ਅਨੰਦੁ ॥**
**ਮੋਹਿ ਮਿਲਿਓ ਪ੍ਰਭੁ ਆਪਨਾ, ਸੰਗੀ ਭਜਹਿ ਗੁੋਬਿੰਦੁ ॥ ੬ ॥**

*(ਪੰਨਾ ੧੩੬੪)*

[**ਅਰਥ** : ਹੇ ਕਬੀਰ! (ਪ੍ਰਭੂ ਦੇ ਗੁਣ ਯਾਦ ਕਰਕੇ) ਜਦੋਂ ਮੇਰਾ ਮੈਂ-ਮੈਂ ਕਰਨ ਵਾਲਾ ਸੁਭਾਅ ਖਤਮ ਹੋ ਗਿਆ, ਤਦੋਂ ਮੇਰੇ ਅੰਦਰ (ਆਤਮਕ) ਸੁਖ ਬਣ ਗਿਆ। ਮੈਨੂੰ ਮੇਰਾ ਪਿਆਰਾ ਪ੍ਰਭੂ ਵੀ ਮਿਲ ਪਿਆ, ਤੇ ਹੁਣ ਮੇਰੇ ਜੀਵਨ ਸਾਥੀ–ਗਿਆਨ ਇੰਦ੍ਰੇ–ਵੀ ਪਰਮਾਤਮਾ ਨੂੰ ਯਾਦ ਕਰਦੇ ਹਨ (ਭਾਵ, ਗਿਆਨ-ਇੰਦ੍ਰਿਆਂ ਦੀ ਰੁਚੀ ਪ੍ਰਭੂ ਵਾਲੇ ਪਾਸੇ ਹੋ ਗਈ ਹੈ।]

**ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ੨੨ ॥** *(ਪੰਨਾ ੧੩੬੫)*

[**ਅਰਥ** : ਹੇ ਕਬੀਰ! ਜਿਸ (ਮੋਹ ਦੇ ਤਿਆਗ ਰੂਪ ਜਾਂ ਆਪਾ-ਭਾਵ ਦੇ ਤਿਆਗ ਰੂਪ) ਮੌਤ ਤੋਂ ਸੰਸਾਰ ਝਕਦਾ ਹੈ, ਉਸ ਨਾਲ ਮੇਰੇ ਮਨ ਵਿਚ ਖੁਸ਼ੀ ਪੈਦਾ ਹੁੰਦੀ ਹੈ। 'ਦੁਨੀਆਂ ਦੇ ਇਸ ਮੋਹ' ਵਲੋਂ ਮਰਿਆਂ ਹੀ ਉਹ ਪਰਮਾਤਮਾ ਮਿਲਦਾ ਹੈ, ਜੋ ਪੂਰਨ ਤੌਰ ਤੇ ਆਨੰਦ-ਸਰੂਪ ਹੈ।]

**ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ ॥**
**ਮਤ ਹਰਿ ਪੂਛੈ ਕਉਨੁ ਹੈ, ਪਰਾ ਹਮਾਰੈ ਬਾਰ ॥ ੬੧ ॥** *(ਪੰਨਾ ੧੩੬੭)*

[**ਅਰਥ** : ਹੇ ਕਬੀਰ! ਮੇਰੇ ਅੰਦਰ ਤਾਂਘ ਹੈ ਕਿ ਮੈਂ ਆਪਾ-ਭਾਵ ਮਿਟਾ ਦਿਆਂ, ਮਮਤਾ ਮੁਕਾ ਦਿਆਂ, ਪਰ ਇਹ ਆਪਾ-ਭਾਵ ਤਦੋਂ ਹੀ ਮਿਟ ਸਕਦਾ ਹੈ, ਜੇ ਪ੍ਰਭੂ ਦੇ ਦਰ ਤੇ ਡਿੱਗ ਪਈਏ; ਇਹ ਸੰਭਵ ਹੈ ਕਿ ਉਹ ਪ੍ਰਭੂ ਕਦੇ ਪੁਛ ਲਵੇ ਕਿ ਮੇਰੇ ਦਰਵਾਜ਼ੇ ਉੱਤੇ ਕੌਣ ਡਿੱਗ ਪਿਆ ਹੈ।]

**ਕਬੀਰ ਤੂੰ ਤੂੰ ਕਰਤਾ ਤੂ ਹੂਆ, ਮੁਝ ਮਹਿ ਰਹਾ ਨ ਹੂੰ ॥**
**ਜਬ ਆਪਾ ਪਰ ਕਾ ਮਿਟਿ ਗਇਆ, ਜਤ ਦੇਖਉ ਤਤ ਤੂ ॥ ੨੦੪ ॥**

*(ਪੰਨਾ ੧੩੭੫)*

[**ਅਰਥ** : ਹੇ ਕਬੀਰ! (ਇਉਂ ਬੇਨਤੀ ਕਰ–ਹੇ ਪ੍ਰਭੂ! ਤੇਰੀ ਮਿਹਰ ਨਾਲ) ਹਰ ਸਮੇਂ ਤੇਰਾ ਸਿਮਰਨ ਕਰਦਿਆਂ ਮੈਂ ਤੇਰੇ ਵਿਚ ਹੀ ਲੀਨ ਹੋ ਗਿਆ ਹਾਂ, ਮੇਰੇ ਅੰਦਰ ਮੈਂ ਮੈਂ ਦਾ ਖਿਆਲ (ਆਪਾ-ਭਾਵ) ਰਹਿ ਹੀ ਨਹੀਂ ਗਿਆ। ਤੇਰਾ ਸਿਮਰਨ ਕਰਦਿਆਂ ਹੁਣ ਜਦੋਂ ਆਪਣੇ ਪਰਾਏ ਵਾਲਾ ਵਿਤਕਰਾ ਮਿਟ ਗਿਆ ਹੈ, ਮੈਂ ਜਿੱਧਰ ਵੇਖਦਾ ਹਾਂ ਮੈਨੂੰ ਹਰ ਥਾਂ ਤੂੰ ਹੀ ਨਜ਼ਰ ਆਉਂਦਾ ਹੈਂ।]

## *21. ਜੀਵਨ ਦਾ ਲਾਭ ਉਠਾਓ*

ਮਨੁੱਖਾ ਜੀਵਨ ਪ੍ਰਭੂ ਦੀ ਉੱਤਮ ਦਾਤ ਹੈ, ਪ੍ਰਭੂ ਨੂੰ ਮਿਲਣ ਦਾ ਅਵਸਰ ਹੈ। ਮਨੁੱਖ

ਨੂੰ ਮਾਇਆ ਦੀ ਨੀਂਦਰ ਵਿਚ ਨਹੀਂ ਸੌਣਾ ਚਾਹੀਦਾ, ਸਗੋਂ ਸੁਚੇਤ ਹੋ ਕੇ ਜੀਵਨ-ਯਾਤਰਾ ਕਰਨੀ ਚਾਹੀਦੀ ਹੈ। ਵਿਕਾਰਾਂ ਤੋਂ ਬਚ ਕੇ, ਪ੍ਰਭੂ ਦੀ ਸਿਫ਼ਤ-ਸਾਲਾਹ ਦੁਆਰਾ ਸ਼ੁੱਭ ਗੁਣ ਹਾਸਲ ਕਰ ਕੇ, ਜੀਵਨ ਸਫਲ ਕਰਨਾ ਚਾਹੀਦਾ ਹੈ :

**ਗੁਰ ਸੇਵਾ ਤੇ ਭਗਤਿ ਕਮਾਈ॥**
**ਤਬ ਇਹ ਮਾਨਸ ਦੇਹੀ ਪਾਈ॥**
**ਇਸ ਦੇਹੀ ਕਉ ਸਿਮਰਹਿ ਦੇਵ॥**
**ਸੋ ਦੇਹੀ ਭਜੁ ਹਰਿ ਕੀ ਸੇਵ॥ ੧॥**
**ਭਜਹੁ ਗੋੁਬਿੰਦ, ਭੂਲਿ ਮਤ ਜਾਹੁ॥**
**ਮਾਨਸ ਜਨਮ ਕਾ ਏਹੀ ਲਾਹੁ॥ ੧॥ ਰਹਾਉ॥**

*(ਭੈਰਉ, ਕਬੀਰ ਜੀ, ਪੰਨਾ ੧੧੫੯)*

[**ਅਰਥ** : ਹੇ ਭਾਈ! ਜੇ ਤੂੰ (ਇਸ ਜੀਵਨ ਵਿਚ) ਗੁਰੂ ਦੀ ਸੇਵਾ ਦੀ ਰਾਹੀਂ ਬੰਦਗੀ ਦੀ ਕਮਾਈ ਕਰੇਂ, ਤਾਂ ਹੀ ਮਨੁੱਖਾ ਸਰੀਰ ਮਿਲਿਆ ਸਮਝ (ਭਾਵ, ਪ੍ਰਭੂ ਸਿਮਰਨ ਤੋਂ ਬਿਨਾਂ ਮਨੁੱਖਾ ਜੀਵਨ ਕਿਸੇ ਕੰਮ ਨਹੀਂ)। ਇਸ ਸਰੀਰ ਦੀ ਖ਼ਾਤਰ ਦੇਵਤੇ ਵੀ ਤਾਂਘਦੇ ਹਨ। ਤੈਨੂੰ ਇਹ ਸਰੀਰ ਮਿਲਿਆ ਹੈ, ਇਸ ਰਾਹੀਂ ਨਾਮ ਸਿਮਰ, ਹਰੀ ਦਾ ਭਜਨ ਕਰ।]

**ਇਹੀ ਤੇਰਾ ਅਉਸਰੁ, ਇਹ ਤੇਰੀ ਬਾਰ॥**
**ਘਟ ਭੀਤਰਿ ਤੂ ਦੇਖੁ ਬਿਚਾਰਿ॥**
**ਕਹਤ ਕਬੀਰੁ, ਜੀਤਿ ਕੈ ਹਾਰਿ॥**
**ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ॥ ੫॥** *(ਪੰਨਾ ੧੧੫੯)*

[**ਅਰਥ** : ਕਬੀਰ ਆਖਦਾ ਹੈ—ਹੇ ਭਾਈ! ਮੈਂ ਤੈਨੂੰ ਕਈ ਤਰੀਕਿਆਂ ਨਾਲ ਕੂਕ-ਕੂਕ ਕੇ ਦੱਸ ਰਿਹਾ ਹਾਂ (ਕਿ ਇਹ ਤੇਰੀ ਮਰਜ਼ੀ ਹੈ ਕਿ ਭਾਵੇਂ ਮਨੁੱਖਾ ਜਨਮ ਦੀ ਬਾਜ਼ੀ) ਜਿੱਤ ਕੇ ਜਾਹ, ਚਾਹੇ ਹਾਰ ਕੇ ਜਾਹ। ਤੂੰ ਆਪਣੇ ਮਨ ਵਿਚ ਵਿਚਾਰ ਕਰ ਕੇ ਵੇਖ ਲੈ, (ਪ੍ਰਭੂ ਨੂੰ ਮਿਲਣ ਦਾ) ਇਹ ਮਨੁੱਖਾ ਜਨਮ ਹੀ ਮੌਕਾ ਹੈ, ਇਹ ਹੀ ਵਾਰੀ ਹੈ (ਇਥੋਂ ਖੁੰਝ ਕੇ ਸਮਾਂ ਨਹੀਂ ਮਿਲਣਾ)]।

**ਕਬੀਰ ਇਹੁ ਤਨੁ ਜਾਇਗਾ, ਸਕਹੁ ਤ ਲੇਹੁ ਬਹੋਰਿ॥**
**ਨਾਂਗੇ ਪਾਵਹੁ ਤੇ ਗਏ, ਜਿਨ ਕੇ ਲਾਖ ਕਰੋਰਿ॥ ੨੭॥** *(ਪੰਨਾ ੧੩੬੫)*

[**ਅਰਥ** : ਹੇ ਕਬੀਰ! ਇਹ ਸਰੀਰ ਨਾਸ ਹੋ ਜਾਵੇਗਾ, ਜੇ ਤੁਸੀਂ ਇਸ ਨੂੰ ਨਾਸ ਹੋਣ ਤੋਂ ਬਚਾ ਸਕਦੇ ਹੋ ਤਾਂ ਬਚਾ ਲਵੋ (ਭਾਵ, ਕੋਈ ਵੀ ਸਰੀਰ ਨੂੰ ਨਾਸ ਹੋਣ ਤੋਂ ਨਹੀਂ ਬਚਾਅ ਸਕਦਾ, ਇਹ ਜ਼ਰੂਰ ਨਾਸ ਹੋਵੇਗਾ)। ਜਿਨ੍ਹਾਂ ਮਨੁੱਖਾਂ ਦੇ ਕੋਲ ਲੱਖਾਂ ਕ੍ਰੋੜਾਂ ਰੁਪਏ ਸਨ, ਉਹ ਵੀ ਇਥੋਂ ਨੰਗੇ ਪੈਰੀਂ (ਭਾਵ ਕੰਗਾਲਾਂ ਵਾਂਗ) ਚਲੇ ਗਏ ਹਨ (ਇਸ ਲਈ ਨਾਮ-ਸਿਮਰਨ ਵਿਚ ਢਿੱਲ ਨਾ ਕਰੋ।]

**ਕਬੀਰ ਇਹੁ ਤਨੁ ਜਾਇਗਾ, ਕਵਨੈ ਮਾਰਗਿ ਲਾਇ॥**
**ਕੈ ਸੰਗਤਿ ਕਰਿ ਸਾਧ ਕੀ, ਕੈ ਹਰਿ ਕੇ ਗੁਨ ਗਾਇ॥ ੨੮॥** *(ਪੰਨਾ ੧੩੬੫)*

[**ਅਰਥ :** ਹੇ ਕਬੀਰ! ਮਨੁੱਖਾ ਜਨਮ ਬੜੀ ਮੁਸ਼ਕਿਲ ਨਾਲ ਮਿਲਦਾ ਹੈ, ਮੁੜ ਮੁੜ ਨਹੀਂ ਮਿਲਦਾ, ਜਿਵੇਂ ਜੰਗਲ ਦੇ ਰੁੱਖਾਂ ਦੇ ਪੱਕੇ ਹੋਏ ਫਲ ਜਦੋਂ ਜ਼ਮੀਨ ਤੇ ਡਿੱਗ ਪੈਂਦੇ ਹਨ ਤਾਂ ਦੁਬਾਰਾ ਡਾਲੀ ਨਾਲ ਨਹੀਂ ਲੱਗਦੇ (ਇਸ ਲਈ ਜੀਵਨ ਨੂੰ ਅਜਾਈਂ ਨਾ ਗੁਆ, ਕਿਸੇ ਭਲੇ ਪਾਸੇ ਲਾ।]

ਪ੍ਰਭੂ ਦਾ ਨਾਮ ਸਿਮਰ ਕੇ ਇਸ ਜੀਵਨ ਨੂੰ ਤਾਂ ਹੀ ਸਫਲਾ ਕੀਤਾ ਜਾ ਸਕਦਾ ਹੈ, ਜੇ ਮਨੁੱਖ ਮਾਇਆ ਦੀ ਨੀਂਦਰ ਤੋਂ ਜਾਗੇ :

**ਕਬੀਰ ਸੂਤਾ ਕਿਆ ਕਰਹਿ, ਜਾਗੁ ਰੋਇ ਭੈ ਦੁਖ॥**
**ਜਾ ਕਾ ਬਾਸਾ ਗੋਰ ਮਹਿ, ਸੋ ਕਿਉ ਸੋਵੈ ਸੁਖ॥ ੧੨੭॥**
**ਕਬੀਰ ਸੂਤਾ ਕਿਆ ਕਰਹਿ, ਉਠਿ ਕਿ ਨ ਜਪਹਿ ਮੁਰਾਰਿ॥**
**ਇਕ ਦਿਨ ਸੋਵਨੁ ਹੋਇਗੋ, ਲਾਂਬੇ ਗੋਡ ਪਸਾਰਿ॥ ੧੨੮॥**
**ਕਬੀਰ ਸੂਤਾ ਕਿਆ ਕਰਹਿ, ਬੈਠਾ ਰਹੁ ਅਰੁ ਜਾਗੁ॥**
**ਜਾ ਕੇ ਸੰਗ ਤੇ ਬੀਛੁਰਾ, ਤਾ ਹੀ ਕੇ ਸੰਗਿ ਲਾਗੁ॥ ੧੨੯॥**

*(ਪੰਨਾ ੧੩੭੧)*

[**ਅਰਥ :** ਹੇ ਕਬੀਰ! ਮਾਇਆ ਦੇ ਮੋਹ ਵਿਚ ਸੁੱਤਾ ਹੋਇਆ (ਮਸਤ ਹੋਇਆ) ਕੀ ਕਰ ਰਿਹਾ ਹੈਂ (ਕਿਉਂ ਅਜਾਈਂ ਉਮਰ ਗੁਆ ਰਿਹਾ ਹੈਂ?) ਪ੍ਰਭੂ ਦੀ ਯਾਦ ਵਿਚ ਹੁਸ਼ਿਆਰ (ਸੁਚੇਤ) ਹੋ ਅਤੇ ਇਸ ਯਾਦ ਦੀ ਬਰਕਤਿ ਨਾਲ ਦੁਨੀਆਂ ਵਾਲੇ ਡਰਾਂ ਅਤੇ ਕਲੇਸ਼ਾਂ ਤੋਂ ਛੁਟਕਾਰਾ ਪਾ।(ਇਨ੍ਹਾਂ ਡਰਾਂ ਅਤੇ ਕਲੇਸ਼ਾਂ ਹੇਠ ਦੱਬੇ ਰਹਿਣਾ ਕਬਰ ਵਿਚ ਪੈਣ ਸਮਾਨ ਹੈ)। ਜਿਸ ਮਨੁੱਖ ਦਾ ਵਾਸਾ ਅਜਿਹੀ ਕਬਰ ਵਿਚ ਰਹੇ, ਉਹ ਕਦੇ ਵੀ ਸੁਖੀ ਜੀਵਨ ਜਿਊਂਦਾ ਨਹੀਂ ਕਿਹਾ ਜਾ ਸਕਦਾ। ੧੨੮।

ਹੇ ਕਬੀਰ! ਮਾਇਆ ਦੀ ਨੀਂਦਰ ਵਿਚ ਸੁੱਤਾ ਹੋਇਆ ਕਿਉਂ ਉਮਰ ਵਿਅਰਥ ਗੁਆ ਰਿਹਾ ਹੈਂ? ਇਹ ਮੋਹ-ਮਾਇਆ ਦੀ ਨੀਂਦਰ ਵਿਚੋਂ ਜਾਗ ਕੇ ਪਰਮਾਤਮਾ ਦਾ ਸਿਮਰਨ ਕਿਉਂ ਨਹੀਂ ਕਰਦਾ? ਇਕ ਦਿਨ ਬੇਬੱਸ ਹੋ ਕੇ ਅਜਿਹਾ ਸੌਣਾ ਪਵੇਗਾ ਕਿ ਮੁੜ ਉਠਿਆ ਨਹੀਂ ਜਾਵੇਗਾ (ਸਦਾ ਦੀ ਨੀਂਦਰੇ ਸੌਣਾ ਪਵੇਗਾ)।

ਹੇ ਕਬੀਰ! ਮਾਇਆ ਦੇ ਮੋਹ ਵਿਚ ਮਸਤ ਹੋ ਕੇ ਕਿਉਂ ਜੀਵਨ ਅਜਾਈਂ ਗੁਆ ਰਿਹਾ ਹੈਂ? ਹੁਸ਼ਿਆਰ ਹੋ, ਮਮਤਾ ਦੀ ਨੀਂਦਰ ਦੇ ਹੁਲਾਰੇ ਵਲੋਂ ਸੁਚੇਤ ਰਹਿ। ਜਿਸ ਪ੍ਰਭੂ ਤੋਂ ਵਿਛੜਿਆ ਹੋਇਆ ਹੈਂ, ਉਸੇ ਪ੍ਰਭੂ ਦੇ ਚਰਨਾਂ ਵਿਚ (ਯਾਦ ਵਿਚ) ਜੁੜਿਆ ਰਹਿ। ੧੨੯।]

ਕਬੀਰ ਸਾਹਿਬ ਦੀ ਬਾਣੀ ਦੀ ਵਿਚਾਰ ਕਰਨ ਉਪਰੰਤ ਇਹ ਗੱਲ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਉਨ੍ਹਾਂ ਨੇ ਪ੍ਰਭੂ ਦੇ ਦਰ ਪ੍ਰਵਾਨ ਹੋਣ, ਜੀਵਨ ਸਫ਼ਲਤਾ ਸਹਿਤ ਬਤੀਤ ਕਰਨ ਅਤੇ ਸਮਾਜ ਨੂੰ ਸੁਖੀ, ਸ਼ਾਂਤ ਤੇ ਖੁਸ਼ਹਾਲ ਬਣਾਉਣ ਦਾ ਉਹੀ ਢੰਗ ਤਰੀਕਾ ਦੱਸਿਆ ਹੈ, ਜੋ ਗੁਰੂ ਸਾਹਿਬਾਂ ਨੇ ਆਪਣੀ ਰਚੀ ਬਾਣੀ ਵਿਚ ਦੱਸਿਆ ਹੈ।

●●●●●